Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition
Vol : 4 : # ਅੰਕ 128 26/09/2025 www.samajweekly.com samajweekly @samajweekly samajweekly

# ਹਿੰਸਕ ਝੜਪਾਂ ਮਗਰੋਂ ਲੱਦਾਖ ’ਚ ਕਰਫਿਊ ਆਇਦ, ਭਾਰੀ ਸੁਰੱਖਿਆ ਬਲ ਤਾਇਨਾਤ

**ਲੇਹ।** ਲੇਹ ਵਿਚ ਹਿੰਸਕ ਪ੍ਰਦਰਸ਼ਨਾਂ ਤੋਂ ਇਕ ਦਿਨ ਮਗਰੋਂ ਪੁਲੀਸ ਅਤੇ ਨੀਮ ਫੌਜੀ ਬਲਾਂ ਵੱਲੋਂ ਵੀਰਵਾਰ ਨੂੰ ਕਰਫਿਊ ਲਗਾਉਣ ਮਗਰੋਂ ਘੱਟੋ-ਘੱਟ 50 ਲੋਕਾਂ ਨੂੰ ਹਿਰਾਸਤ ਵਿੱਚ ਲਿਆ ਗਿਆ ਹੈ। ਬੁੱਧਵਾਰ ਨੂੰ ਹੋਈਆਂ ਵਿਆਪਕ ਝੜਪਾਂ ਵਿੱਚ ਚਾਰ ਲੋਕਾਂ ਦੀ ਮੌਤ ਹੋ ਗਈ ਸੀ ਜਦੋਂਕਿ 80 ਤੋਂ ਵੱਧ ਹੋਰ ਜ਼ਖਮੀ ਹੋ ਗਏ ਸਨ। ਲੇਹ ਐਪਕਸ ਬਾਡੀ (ਲ਼ਅਭ) ਨੇ ਲੱਦਾਖ ਨੂੰ ਰਾਜ ਦਾ ਦਰਜਾ ਦੇਣ ਤੇ ਕੇਂਦਰ ਸ਼ਾਸਿਤ ਪ੍ਰਦੇਸ਼ ਵਿਚ 6ਵੇਂ ਸ਼ਡਿਊਲ ਵਿਚ ਵਾਧੇ ਦੀ ਮੰਗ ਨੂੰ ਲੈ ਕੇ ਬੁੱਧਵਾਰ ਨੂੰ ਬੰਦ ਦਾ ਸੱਦਾ ਦਿੱਤਾ ਸੀ, ਜੋ ਮਗਰੋਂ ਹਿੰਸਾ, ਅੱਗਜ਼ਨੀ ਤੇ ਸੜਕਾਂ ’ਤੇ ਝੜਪਾਂ ਵਿਚ ਬਦਲ ਗਿਆ। ਕਾਰਗਿਲ ਸਮੇਤ ਹੋਰ ਵੱਡੇ ਕਸਬਿਆਂ ਵਿੱਚ ਪੰਜ ਜਾਂ ਇਸ ਤੋਂ ਵੱਧ ਵਿਅਕਤੀਆਂ ਦੇ ਇਕੱਠੇ ਹੋਣ 'ਤੇ ਪਾਬੰਦੀ ਲਗਾ ਦਿੱਤੀ ਗਈ ਹੈ। ਕਾਬਿਲੇਗੌਰ ਹੈ ਕਿ ਕਾਰਗਿਲ ਡੈਮੋਕਰੈਟਿਕ ਅਲਾਇੰਸ (ਕੇਡੀਏ) ਵੱਲੋਂ ਵਾਤਾਵਰਨ ਕਾਰਕੁਨ ਸੋਨਮ ਵਾਂਗਚੁਕ, ਜੋ ਉਪਰੋਕਤ ਮੰਗਾਂ



ਨੂੰ ਲੈ ਕੇ ਪਿਛਲੇ 35 ਦਿਨਾਂ ਤੋਂ ਭੁੱਖ ਹੜਤਾਲ ’ਤੇ ਸਨ, ਦੀ ਹਮਾਇਤ ਵਿੱਚ ਬੰਦ ਦਾ ਸੱਦਾ ਦਿੱਤਾ ਗਿਆ ਸੀ। ਵਾਂਗਚੁਕ ਨੇ ਲੇਹ ਸ਼ਹਿਰ ਵਿੱਚ ਤਿੱਖੀਆਂ ਝੜਪਾਂ ਤੋਂ ਬਾਅਦ ਲੰਘੇ ਦਿਨ ਆਪਣੀ ਭੁੱਖ ਹੜਤਾਲ ਵਾਪਸ ਲੈ ਲਈ ਸੀ। ਪ੍ਰਦਰਸ਼ਨਕਾਰੀਆਂ ਨੇ ਭਾਜਪਾ ਦਫ਼ਤਰ ਅਤੇ ਕਈ ਵਾਹਨਾਂ ਨੂੰ ਅੱਗ ਲਗਾ ਦਿੱਤੀ ਸੀ। ਹਿੱਲ ਕੌਂਸਲ ਹੈੱਡਕੁਆਰਟਰ ਦੀ ਭੰਨਤੋੜ ਵੀ ਕੀਤੀ ਜਿਸ ਕਾਰਨ ਸ਼ਹਿਰ ਵਿੱਚ ਅਣਮਿੱਥੇ ਸਮੇਂ ਲਈ ਕਰਫਿਊ ਲਗਾ ਦਿੱਤਾ ਗਿਆ ਸੀ। ਪੁਲੀਸ ਅਧਿਕਾਰੀ ਨੇ ਇਸ ਖ਼ਬਰ ਏਜੰਸੀ ਨੂੰ ਦੱਸਿਆ ਕਿ ਕਰਫਿਊ ਵਾਲੇ ਖੇਤਰਾਂ ਵਿੱਚ ਹਾਲਾਤ ਪੂਰੀ ਤਰ੍ਹਾਂ ਕਾਬੂ ਹੇਠ ਹਨ ਤੇ ਕਿਤੇ ਵੀ ਕੋਈ ਅਣਸੁਖਾਵੀਂ ਘਟਨਾ ਦੀ ਰਿਪੋਰਟ ਨਹੀਂ ਹੈ। ਅਧਿਕਾਰੀ ਨੇ ਕਿਹਾ ਕਿ ਹਿੰਸਾ ਵਿਚ ਸ਼ਾਮਲ 50 ਦੇ ਕਰੀਬ ਵਿਅਕਤੀਆਂ ਨੂੰ ਹਿਰਾਸਤ ਵਿਚ ਲਿਆ ਗਿਆ ਹੈ। ਅਧਿਕਾਰੀ ਨੇ ਕਿਹਾ ਕਿ ਜ਼ਖ਼ਮੀਆਂ ਵਿਚ ਤਿੰਨ ਨੇਪਾਲੀ ਨਾਗਰਿਕ ਵੀ ਸ਼ਾਮਲ ਹਨ ਤੇ ਪੁਲੀਸ ਇਸ ਗੱਲ ਦੀ ਜਾਂਚ ਕਰ ਰਹੀ ਹੈ ਕਿ ਹਿੰਸਾ ਪਿੱਛੇ ਕਿਸੇ ਵਿਦੇਸ਼ੀ ਤਾਕਤ ਦਾ ਹੱਥ ਤਾਂ ਨਹੀਂ।

# ਅਮਰੀਕਾ ਨੇ 73 ਸਾਲਾਂ ‘ਗੈਰ-ਦਸਤਾਵੇਜ਼ੀ’ ਸਿੱਖ ਬੀਬੀ ਨੂੰ 33 ਸਾਲਾਂ ਬਾਅਦ ਡਿਪੋਰਟ ਕੀਤਾ

**ਚੰਡੀਗੜ੍ਹ।** ਅਮਰੀਕਾ ਵਿੱਚ 30 ਸਾਲਾਂ ਤੋਂ ਵੱਧ ਸਮੇਂ ਤੋਂ ਰਹਿ ਰਹੀ ਇੱਕ 73 ਸਾਲਾ ‘ਗੈਰ-ਦਸਤਾਵੇਜ਼ੀ’ ਸਿੱਖ ਬੀਬੀ ਨੂੰ ਇਸ ਹਫ਼ਤੇ ਦੇ ਸ਼ੁਰੂ ਵਿੱਚ ਕੈਲੀਫੋਰਨੀਆ ਵਿੱਚ ਇਮੀਗ੍ਰੇਸ਼ਨ ਅਧਿਕਾਰੀਆਂ ਨੇ ਆਪਣੇ ਰਿਸ਼ਤੇਦਾਰਾਂ ਨੂੰ ਅਲਵਿਦਾ ਕਹਿਣ ਦਾ ਮੌਕਾ ਦਿੱਤੇ ਬਿਨਾਂ ਹਿਰਾਸਤ ਵਿੱਚ ਲੈਣ ਮਗਰੋਂ ਭਾਰਤ ਭੇਜ ਦਿੱਤਾ। ਇਹ ਜਾਣਕਾਰੀ ਬੁੱਧਵਾਰ ਨੂੰ ਇੱਕ ਇੰਸਟਾਗ੍ਰਾਮ ਪੋਸਟ ਵਿੱਚ ਦਿੰਦਿਆਂ ਵਕੀਲ ਦੀਪਕ ਆਹਲੂਵਾਲੀਆ ਨੇ ਕਿਹਾ, ‘‘ਬੀਬੀ ਜੀ (ਹਰਜੀਤ ਕੌਰ) ਪੰਜਾਬ ਵਾਪਸ ਜਾ ਰਹੀ ਹੈ। ਉਹ ਪਹਿਲਾਂ ਹੀ ਭਾਰਤ ਪਹੁੰਚ ਚੁੱਕੀ ਹੈ।’’ ਹਰਜੀਤ ਕੌਰ ਨੂੰ ਕੈਲੀਫੋਰਨੀਆ ਵਿੱਚ ਇਮੀਗ੍ਰੇਸ਼ਨ ਅਧਿਕਾਰੀਆਂ ਦੁਆਰਾ ਨਿਯਮਤ ਜਾਂਚ ਲਈ ਸੱਦਣ ਮਗਰੋਂ ਹਿਰਾਸਤ ਵਿੱਚ ਲੈ ਲਿਆ ਗਿਆ ਸੀ, ਜਿਸ ਕਾਰਨ ਬੀਬੀ ਦੇ ਪਰਿਵਾਰ ਅਤੇ ਸਿੱਖ ਭਾਈਚਾਰੇ ਵਿੱਚ ਰੋਸ ਦੀ ਲਹਿਰ ਹੈ। ਇੱਕ ਗੈਰ-ਮੁਨਾਫ਼ਾ ਨਿਊਜ਼ ਪੋਰਟਲ, ਬਰਕਲੇਸਾਈਡ ਦੀ ਇੱਕ ਰਿਪੋਰਟ ਵਿੱਚ ਪਹਿਲਾਂ ਕਿਹਾ ਗਿਆ ਸੀ ਕਿ ਹਰਜੀਤ ਕੌਰ 33 ਸਾਲਾਂ ਤੋਂ ਉੱਤਰੀ ਕੈਲੀਫੋਰਨੀਆ ਦੇ ਈਸਟ ਬੇਅ ਵਿੱਚ ਰਹਿੰਦੀ ਹੈ। ਉਸ ਨੂੰ ਇਮੀਗ੍ਰੇਸ਼ਨ ਅਤੇ ਕਸਟਮਜ਼ ਇਨਫੋਰਸਮੈਂਟ (ICE) ਦੇ ਅਧਿਕਾਰੀਆਂ ਨੇ ਇੱਕ



ਰੁਟੀਨ ਜਾਂਚ ਦੌਰਾਨ ਹਿਰਾਸਤ ਵਿੱਚ ਲਿਆ ਸੀ। ਉਸ ਦੇ ਪਰਿਵਾਰ ਨੇ ਸਿੱਖ ਭਾਈਚਾਰੇ ਦੇ ਸੈਂਕੜੇ ਮੈਂਬਰਾਂ ਨਾਲ ਮਿਲ ਕੇ ਹਰਜੀਤ ਕੌਰ ਦੀ ਤੁਰੰਤ ਰਿਹਾਈ ਦੀ ਮੰਗ ਕਰਦਿਆਂ ਪ੍ਰਦਰਸ਼ਨ ਕੀਤਾ, ਜਿਸ ਨੂੰ ਛਿਓ ਅਧਿਕਾਰੀਆਂ ਨੇ ਵਾਧੂ ਕਾਗਜ਼ਾਤ ਲਈ ਸਾਂ ਫਰਾਂਸਿਸਕੋ ਦੇ ਦਫ਼ਤਰ ਸੱਦਣ ਮਗਰੋਂ ਹਿਰਾਸਤ ਵਿੱਚ ਲੈ ਲਿਆ ਗਿਆ ਸੀ। ਆਹਲੂਵਾਲੀਆ ਨੇ ਕਿਹਾ ਕਿ ਹਰਜੀਤ ਕੌਰ ਨੂੰ ਫਿਰ ਬੇਕਰਸਫੀਲਡ ਦੇ ਇੱਕ ਨਜ਼ਰਬੰਦੀ ਕੇਂਦਰ ਵਿੱਚ ਲਿਜਾਇਆ ਗਿਆ। ਪੋਸਟ ਵਿੱਚ ਆਹਲੂਵਾਲੀਆ ਨੇ ਦਾਅਵਾ ਕੀਤਾ ਕਿ ਹਰਜੀਤ ਕੌਰ ਨੂੰ ਬੇਕਰਸਫੀਲਡ ਤੋਂ ਲਾਸ ਏਂਜਲਸ ਲਿਜਾਇਆ ਗਿਆ, ਜਿੱਥੇ ਉਸ ਨੂੰ ਜਾਰਜੀਆ ਅਤੇ ਫਿਰ ਨਵੀਂ ਦਿੱਲੀ ਲਈ ਇੱਕ ਫਲਾਈਟ ਵਿੱਚ ਰੱਖਿਆ ਗਿਆ।ਵਕੀਲ ਨੇ ਇਹ ਵੀ ਦਾਅਵਾ ਕੀਤਾ ਕਿ ਹਰਜੀਤ ਕੌਰ ਦੇ ਪਰਿਵਾਰਕ ਮੈਂਬਰਾਂ ਨੇ ਅਧਿਕਾਰੀਆਂ ਨੂੰ ਅਪੀਲ ਕੀਤੀ ਕਿ ਉਸ ਨੂੰ ਵਾਪਸ ਭੇਜਣ ਤੋਂ ਪਹਿਲਾਂ ਰਿਸ਼ਤੇਦਾਰਾਂ ਨੂੰ ਅੰਤਿਮ ਅਲਵਿਦਾ ਕਹਿਣ ਦਾ ਮੌਕਾ ਦਿੱਤਾ ਜਾਵੇ ਪਰ ਇਜਾਜ਼ਤ ਦੇਣ ਤੋਂ ਇਨਕਾਰ ਕਰ ਦਿੱਤਾ ਗਿਆ। ਆਹਲੂਵਾਲੀਆ ਨੇ ਦੱਸਿਆ, ‘‘ਅਸੀਂ ਉਸ ਦੇ ਯਾਤਰਾ ਦਸਤਾਵੇਜ਼ ਪ੍ਰਾਪਤ ਕਰਨ ਦੇ ਯੋਗ ਸੀ। ਅਸੀਂ ICE ਵਕੀਲ ਅਤੇ ਸਰਕਾਰ ਨਾਲ ਗੱਲਬਾਤ ਕਰਨ ਦੀ ਕੋਸ਼ਿਸ਼ ਕਰ ਰਹੇ ਸੀ ਕਿ ਉਹ ਇੱਕ ਵਪਾਰਕ ਉਡਾਣ ’ਤੇ ਰਵਾਨਾ ਹੋ ਗਏ। ਅਸੀਂ ਸੋਮਵਾਰ ਲਈ ਇੱਕ ਟਿਕਟ ਬੁੱਕ ਕੀਤੀ। ਅਸੀਂ ਅਧਿਕਾਰੀਆਂ ਨੂੰ ankle ਨਿਗਰਾਨੀ ਹੇਠ ਉਸ ਨੂੰ ਅੰਤਿਮ ਅਲਵਿਦਾ ਕਹਿਣ ਦਾ ਮੌਕਾ ਦੇਣ ਲਈ 24-48 ਘੰਟਿਆਂ ਲਈ ਰਿਹਾਅ ਕਰਨ ਲਈ ਵੀ ਕਿਹਾ।’’ ਆਹਲੂਵਾਲੀਆ ਨੇ ਦਾਅਵਾ ਕੀਤਾ, ‘‘ਪਰ ਸ਼ਨਿਚਰਵਾਰ ਸਵੇਰੇ 2 ਵਜੇ ਦੇ ਕਰੀਬ, ਉਹ ਉਸ ਨੂੰ ਬੇਕਰਸਫੀਲਡ ਤੋਂ ਲੈ ਗਏ, ਮਗਰੋਂ ਉਸ ਨੂੰ ਹੱਥਕੜੀਆਂ ਲਗਾ ਕੇ ਲਾਸ ਏਂਜਲਸ ਲੈ ਗਏ ਅਤੇ ਵਕੀਲ ਨੂੰ ਸੂਚਿਤ ਕੀਤੇ ਬਿਨਾਂ, ਜਾਂ ਕੋਈ ਪਹਿਲਾਂ ਤੋਂ ਸੂਚਨਾ ਦਿੱਤੇ ਬਿਨਾਂ ਹਰਜੀਤ ਕੌਰ ਨੂੰ ਜਾਰਜੀਆ ਦੀ ਇੱਕ ਉਡਾਣ ’ਤੇ ਬਿਠਾ ਦਿੱਤਾ।

# ਸੰਵੇਦਨਸ਼ੀਲ ਮਾਮਲਿਆਂ ਵਿੱਚ ਰੋਜ਼ਾਨਾ ਮੁਕੱਦਮਿਆਂ ਦੀ ਕਾਰਵਾਈ ਚਲਾਉਣ ਅਦਾਲਤਾਂ: ਸੁਪਰੀਮ ਕੋਰਟ

**ਨਵੀਂ ਦਿੱਲੀ।** ਸੁਪਰੀਮ ਕੋਰਟ ਨੇ ਅੱਜ ਜ਼ੋਰ ਦੇ ਕਿਹਾ ਹੈ ਕਿ ਹੁਣ ਸਮਾਂ ਆ ਗਿਆ ਹੈ ਕਿ ਅਦਾਲਤਾਂ ਖਾਸਕਰ ਸੰਵੇਦਨਸ਼ੀਲ ਮਾਮਲਿਆਂ ਦੀ ਸੁਣਵਾਈ ਰੋਜ਼ਾਨਾ ਕਰਨ। ਇਸ ਸਬੰਧੀ ਅਦਾਲਤਾਂ ਨੂੰ ਪਹਿਲਾਂ ਵਾਲੀ ਪ੍ਰਥਾ ਲਾਗੂ ਕਰਨੀ ਚਾਹੀਦੀ ਹੈ। ਸਰਵਉਚ ਅਦਾਲਤ ਨੇ ਸੰਵਿਧਾਨ ਦੇ ਅਨੁਛੇਦ 21 ਵਿੱਚ ਤੇਜ਼ੀ ਨਾਲ ਮੁਕੱਦਮੇਬਾਜ਼ੀ ਦੇ ਅਧਿਕਾਰ ਨੂੰ ਸ਼ਾਮਲ ਕਰਦੇ ਹੋਏ ਕਿਹਾ ਕਿ ਸਾਰੀਆਂ ਹਾਈ ਕੋਰਟਾਂ ਨੂੰ ਆਪਣੇ-ਆਪਣੇ ਖੇਤਰਾਂ ਵਿਚ ਇਸ ਮੁੱਦੇ ’ਤੇ ਬਹੁਤ ਗੰਭੀਰਤਾ ਨਾਲ ਚਰਚਾ ਕਰਨ ਲਈ ਇੱਕ ਕਮੇਟੀ ਦਾ ਗਠਨ ਕਰਨਾ ਚਾਹੀਦਾ ਹੈ। ਜਸਟਿਸ ਜੇ.ਬੀ. ਪਾਰਦੀਵਾਲਾ ਅਤੇ ਕੇ.ਵੀ.ਵਿਸ਼ਵਨਾਥਨ ਦੇ ਬੈਂਚ ਨੇ ਕਿਹਾ ਕਿ ਪਹਿਲਾਂ ਸੰਵੇਦਨਸ਼ੀਲ ਮਾਮਲਿਆਂ ’ਤੇ ਰੋਜ਼ਾਨਾ ਸੁਣਵਾਈ ਹੁੰਦੀ ਸੀ ਤੇ ਅਦਾਲਤਾਂ ਨੂੰ ਇਸ ਨੂੰ ਮੁੜ ਲਾਗੂ ਕਰਨਾ ਚਾਹੀਦਾ ਹੈ ਪਰ ਇਸ ਲਈ ਮੌਜੂਦਾ ਸਮਾਜਿਕ, ਰਾਜਨੀਤਕ ਅਤੇ ਪ੍ਰਸ਼ਾਸਨਿਕ ਤਾਣੇ ਬਾਣੇ ਨੂੰ ਸਮਝਣਾ ਬਹੁਤ ਜ਼ਰੂਰੀ ਹੈ ਜਿਸ ਵਿੱਚ ਪੁਲੀਸ ਦਾ ਕੰਮ ਕਰਨ ਦਾ ਢੰਗ ਤਰੀਕਾ ਵੀ ਸ਼ਾਮਲ ਹੈ। ਅਦਾਲਤ ਦੇ ਬੈਂਚ ਨੇ ਕਿਹਾ, ‘ਤੀਹ ਸਾਲ ਪਹਿਲਾਂ ਮਹੱਤਵਪੂਰਨ ਜਾਂ ਸੰਵੇਦਨਸ਼ੀਲ ਮਾਮਲਿਆਂ ਵਿੱਚ ਰੋਜ਼ਾਨਾ ਦੇ ਆਧਾਰ



’ਤੇ ਮੁਕੱਦਮਿਆਂ ਦੀ ਸੁਣਵਾਈ ਹੁੰਦੀ ਸੀ ਪਰ ਇਸ ਪ੍ਰੰਪਰਾ ਨੂੰ ਪੂਰੀ ਤਰ੍ਹਾਂ ਖਤਮ ਕਰ ਦਿੱਤਾ ਗਿਆ ਹੈ। ਸਾਡਾ ਇਮਾਨਦਾਰੀ ਨਾਲ ਮੰਨਣਾ ਹੈ ਕਿ ਹੁਣ ਸਮਾਂ ਆ ਗਿਆ ਹੈ ਕਿ ਅਦਾਲਤਾਂ ਉਸ ਪ੍ਰਥਾ ਵੱਲ ਵਾਪਸ ਜਾਣ। ਸਰਵਉਚ ਅਦਾਲਤ ਦਾ ਇਹ ਹੁਕਮ ਸੀਬੀਆਈ ਵਲੋਂ ਪਿਛਲੇ ਸਾਲ ਸਤੰਬਰ ਵਿੱਚ ਕਲਕੱਤਾ ਹਾਈ ਕੋਰਟ ਦੇ ਜਬਰ ਜਨਾਹ ਦੇ ਇੱਕ ਮਾਮਲੇ ਵਿੱਚ ਇੱਕ ਮੁਲਜ਼ਮ ਨੂੰ ਜ਼ਮਾਨਤ ਦੇਣ ਦੇ ਹੁਕਮ ਨੂੰ ਚੁਣੌਤੀ ਦੇਣ ਵਾਲੀ ਪਟੀਸ਼ਨ ’ਤੇ ਆਇਆ।

ਬੈਂਚ ਨੇ ਕਿਹਾ ਕਿ ਹੁਣ ਜ਼ਿਆਦਾਤਰ ਮਾਮਲਿਆਂ ਵਿਚ ਨਿਆਂ ਪ੍ਰਣਾਲੀ ਵਿੱਚ ਦੇਰੀ ਹੋ ਰਹੀ ਹੈ ਕਿਉਂਕਿ ਅਦਾਲਤ ਵਲੋਂ ਮਾਮਲਿਆਂ ਦੀ ਸੁਣਵਾਈ ਹੌਲੀ ਹੌਲੀ ਕੀਤੀ ਜਾਂਦੀ ਹੈ ਜਿਸ ਕਾਰਨ ਕੇਸ ਮੁਕੰਮਲ ਹੋਣ ਵਿਚ ਕਈ ਮਹੀਨੇ ਜਾਂ ਕਈ ਸਾਲ ਲਗ ਜਾਂਦੇ ਹਨ। ਸਿਖਰਲੀ ਅਦਾਲਤ ਨੇ ਕਿਹਾ ਕਿ ਇਹ ਸੱਚ ਹੈ ਕਿ ਅਦਾਲਤਾਂ ਕੋਲ ਜਿਰ੍ਹਾ ਨੂੰ ਮੁਲਤਵੀ ਕਰਨ ਦਾ ਅਧਿਕਾਰ ਹੈ।

ਬੈਂਚ ਨੇ ਕਿਹਾ ਕਿ ਕਾਨੂੰਨੀ ਸਥਿਤੀ ਇਹ ਹੈ ਕਿ ਇੱਕ ਵਾਰ ਗਵਾਹਾਂ ਦੀ ਪੁੱਛਗਿੱਛ ਸ਼ੁਰੂ ਹੋਣ ਤੋਂ ਬਾਅਦ, ਸਬੰਧਤ ਅਦਾਲਤ ਨੂੰ ਰੋਜ਼ਾਨਾ ਮੁਕੱਦਮੇ ਨੂੰ ਉਦੋਂ ਤੱਕ ਜਾਰੀ ਰੱਖਣਾ ਚਾਹੀਦਾ ਹੈ ਜਦੋਂ ਤੱਕ ਹਾਜ਼ਰ ਸਾਰੇ ਗਵਾਹਾਂ ਤੋਂ ਪੁੱਛਗਿੱਛ ਨਹੀਂ ਹੋ ਜਾਂਦੀ।

# ਬੇਕਾਬੂ ਹੋਈ ਕਾਰ ਨੂੰ ਡਰੇਨ 'ਚ ਡਿੱਗਣ ਤੋਂ ਬਾਅਦ ਲੱਗੀ ਅੱਗ, ਚਾਲਕ ਹਨੀ ਸਿੰਘ ਦੀ ਹੋਈ ਮੌਤ

**ਧਨੌਲਾ** । ਬੀਤੀ ਰਾਤ ਚੰਡੀਗੜ੍ਹ-ਬਠਿੰਡਾ ਹਾਈਵੇ 'ਤੇ ਧਨੌਲਾ ਨੇੜੇ ਇਕ ਕਾਰ ਬੇਕਾਬੂ ਹੋ ਕੇ ਡਰੇਨ ਵਿਚ ਡਿੱਗ ਗਈ, ਜਿਸ ਤੋਂ ਬਾਅਦ ਕਾਰ ਨੂੰ ਅੱਗ ਲੱਗ ਗਈ। ਇਸ ਹਾਦਸੇ ਦੌਰਾਨ ਕਾਰ ਚਾਲਕ ਦੀ ਜਿੰਦਾ ਸੜਨ ਕਾਰਨ ਮੌਤ ਹੋ ਗਈ। ਪ੍ਰਾਪਤ ਹੋਈ ਜਾਣਕਾਰੀ ਅਨੁਸਾਰ ਨੌਜਵਾਨ ਆਪਣੀ ਕਾਰ 'ਤੇ ਸਵਾਰ ਹੋ ਕੇ ਸੰਗਰੂਰ ਤੋਂ ਰਾਮਪੁਰਾਫੂਲ ਵੱਲ ਜਾ ਰਿਹਾ ਸੀ, ਜਿਵੇਂ ਹੀ ਕਾਰ ਚਾਲਕ ਦਾਨਗੜ੍ਹ ਰੋਡ 'ਤੇ ਪੁੰਚਿਆ ਤਾਂ ਉਸਦੀ ਕਾਰ ਦਾ ਸੰਤੁਲਨ ਵਿਗੜ ਅਤੇ ਕਾਰ ਡਰੇਨ ਵਿਚ ਜਾ ਡਿੱਗ ਗਈ ਅਤੇ ਕਾਰ ਨੂੰ ਅੱਗ ਲੱਗ ਗਈ। ਰਾਹਗੀਰਾਂ ਵੱਲੋਂ ਪੁਲਿਸ ਨੂੰ ਸੂਚਿਤ ਕੀਤਾ ਗਿਆ ਅਤੇ ਮੌਕੇ 'ਤੇ



ਪਹੁੰਚੇ ਪੁਲਿਸ ਅਧਿਕਾਰੀਆਂ ਵੱਲੋਂ ਫਾਇਰ ਬ੍ਰਿਗੇਡ ਨੂੰ ਫੋਨ ਕੀਤਾ ਗਿਆ। ਫ਼ਾਇਰ ਬ੍ਰਿਗੇਡ ਅਤੇ ਰਾਹਗੀਰਾਂ ਵੱਲੋਂ ਅੱਗ 'ਤੇ ਕਾਬੂ ਪਾਇਆ ਗਿਆ। ਪਰ ਕਾਰ ਚਾਲਕ ਦੀ ਗੱਡੀ ਵਿਚ ਹੀ ਝੁਲਸੇ ਜਾਣ ਕਾਰਨ ਮੌਕੇ 'ਤੇ ਹੀ ਮੌਤ ਹੋ ਗਈ। ਮ੍ਰਿਤਕ ਦੀ ਪਛਾਣ ਹਨੀ ਸਿੰਘ ਪੁੱਤਰ ਰਾਮ ਸਿੰਘ ਵਾਸੀ ਜਾਖਲ ਰੋਡ ਸੁਨਾਮ ਵਜੋਂ ਹੋਈ ਹੈ। ਪ੍ਰਾਪਤ ਹੋਈ ਜਾਣਕਾਰੀ ਅਨੁਸਾਰ ਹਨੀ ਸਿੰਘ ਡਰਾਈਵਰੀ ਕਰਦਾ ਸੀ ਅਤੇ ਬੀਤੀ ਰਾਤ ਉਹ ਆਪਣੀ ਚਚੇਰੀ ਭੈਣ ਨੂੰ ਮਿਲਣ ਲਈ ਰਾਮਪੁਰਾ ਫੂਲ ਜਾ ਰਿਹਾ ਅਤੇ ਰਸਤੇ ਵਿਚ ਇਹ ਭਿਆਨਕ ਹਾਦਸਾ ਵਾਪਰ ਗਿਆ।

## ਤਰਨ ਤਾਰਨ 'ਚ ਪੁਲਿਸ ਅਤੇ ਗੈਂਗਸਟਰਾਂ ਵਿਚਾਲੇ ਹੋਇਆ ਮੁਕਾਬਲਾ

**ਤਰਨ ਤਾਰਨ** । ਤਰਨ ਤਾਰਨ ਵਿਖੇ ਪੁਲਿਸ ਅਤੇ ਗੈਂਗਸਟਰਾਂ ਵਿਚਾਲੇ ਮੁਕਾਬਲਾ ਹੋਇਆ, ਜਿਸ ਵਿਚ ਚਾਰ ਗੈਂਗਸਟਰਾਂ ਦੇ ਜ਼ਖ਼ਮੀ ਹੋਣ ਦੀ ਖ਼ਬਰ ਹੈ। ਤਰਨ ਤਾਰਨ ਦੇ ਐਸ.ਐਸ.ਪੀ. ਡਾਕਟਰ ਰਵਜੋਤ ਕੌਰ ਗਰੇਵਾਲ ਘਟਨਾ ਸਥਾਨ 'ਤੇ ਪਹੁੰਚੇ ਅਤੇ ਉਨ੍ਹਾਂ ਵੱਲੋਂ ਘਟਨਾ ਸਬੰਧੀ ਜਾਣਕਾਰੀ ਦਿੱਤੀ ਗਈ। ਪੁਲਿਸ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਇਨ੍ਹਾਂ ਗੈਂਗਸਟਰਾਂ ਦਾ ਸਬੰਧ ਵਿਦੇਸ਼ 'ਚ ਬੈਠੇ ਪ੍ਰਭ ਦਾਸੂਵਾਲ ਦੇ ਗੈਂਗ ਨਾਲ ਦੱਸਿਆ ਜਾ ਰਿਹਾ ਹੈ। ਭਿੱਖੀ ਪਿੰਡ ਦੇ ਚੋਪੜਾ ਹਸਪਤਾਲ 'ਤੇ ਫਾਇਰਿੰਗ ਕਰਨ ਤੋਂ ਬਾਅਦ ਸੈਂਟ ਕਬੀਰ ਕਾਨਵੈਂਟ ਸਕੂਲ ਦਾਸੂਵਾਲ ਵਿਖੇ ਉਕਤ ਗੈਂਗਸਟਰ ਦੇ ਗੁਰਗਿਆਂ ਵੱਲੋਂ ਗੋਲੀਆਂ ਚਲਾਈਆਂ ਗਈਆਂ। ਜਿਸ ਤੋਂ ਬਾਅਦ ਡੀ.ਐਸ.ਪੀ. ਭਿੱਖੀ ਪਿੰਡ ਅਤੇ ਡੀ.ਐਸ.ਪੀ. ਪੱਟੀ ਵੱਲੋਂ ਵਿਸ਼ੇਸ਼ ਟੀਮਾਂ ਦਾ ਗਠਨ ਕਰਕੇ ਸ਼ੱਕ ਦੇ ਅਧਾਰ ਤੇ ਦਾਸੂਵਾਲ ਦੇ ਕਰੀਬੀ ਗੁਰਸਾਹਿਬ ਸਿੰਘ ਦੇ ਘਰ ਦੀ ਘੇਰਾਬੰਦੀ ਕੀਤੀ ਜਿਸ ਤੋਂ ਬਾਅਦ ਪੁਲਿਸ ਵੱਲੋਂ ਵਾਰਨਿੰਗ ਦਿੱਤੀ ਗਈ ਕਿ



ਮੁਲਜ਼ਮ ਖੁਦ ਪੁਲਿਸ ਨੂੰ ਸਰੈਂਡਰ ਕਰ ਦੇਣ, ਪਰ ਉਨ੍ਹਾਂ ਨੇ ਪੁਲਿਸ ਪਾਰਟੀ 'ਤੇ ਫਾਈਰਿੰਗ ਕਰ ਦਿੱਤੀ। ਪੁਲਿਸ ਵੱਲੋਂ ਜਵਾਬੀ ਕਾਰਵਾਈ ਕੀਤੇ ਜਾਣ 'ਤੇ ਮੁਲਜ਼ਮ ਜ਼ਖ਼ਮੀ ਹੋ ਗਏ। ਜਿਨ੍ਹਾਂ ਨੂੰ ਇਲਾਜ ਲਈ ਹਸਪਤਾਲ ਵਿਚ ਭਰਤੀ ਕਰਵਾਇਆ ਗਿਆ ਹੈ। ਮੁਲਜ਼ਮਾਂ ਦੀ ਪਛਾਣ ਰਣਦੀਪ ਸਿੰਘ, ਗੁਰਜੰਟ ਸਿੰਘ, ਜਸਬੀਰ ਸਿੰਘ ਅਤੇ ਮਲਕੀਤ ਸਿੰਘ ਵਜੋਂ ਹੋਈ ਹੈ।

## ਬਿਹਾਰ : ਰੀਲ ਬਣਾਉਂਦੇ ਸਮੇਂ 9 ਵਿਦਿਆਰਥੀ ਫਾਲਗੂ ਨਦੀ ਵਿੱਚ ਡੁੱਬੇ, 5 ਦੀ ਮੌਤ



**ਬਿਹਾਰ।** ਵੀਰਵਾਰ ਨੂੰ ਗਯਾ ਵਿੱਚ ਫਾਲਗੂ ਨਦੀ ਵਿੱਚ ਰੀਲ ਬਣਾਉਂਦੇ ਸਮੇਂ ਨੌਂ ਨੌਜਵਾਨ ਡੁੱਬ ਗਏ। ਉਨ੍ਹਾਂ ਵਿੱਚੋਂ ਪੰਜ ਦੀ ਇਲਾਜ ਦੌਰਾਨ ਮੌਤ ਹੋ ਗਈ। ਸਥਾਨਕ ਲੋਕਾਂ ਦੀ ਮਦਦ ਨਾਲ, ਸਾਰੇ ਨੌਜਵਾਨਾਂ ਨੂੰ ਨਦੀ ਵਿੱਚੋਂ ਕੱਢਿਆ ਗਿਆ ਅਤੇ ਖਿਜਰਸਰਾਏ ਹਸਪਤਾਲ ਲਿਜਾਇਆ ਗਿਆ। ਜਦੋਂ ਉਨ੍ਹਾਂ ਦੀ ਹਾਲਤ ਵਿਗੜ ਗਈ, ਤਾਂ ਡਾਕਟਰਾਂ ਨੇ ਉਨ੍ਹਾਂ ਨੂੰ ਗਯਾ ਮੈਡੀਕਲ ਕਾਲਜ ਰੈਫਰ ਕਰ ਦਿੱਤਾ। ਮੌਕੇ 'ਤੇ ਮੌਜੂਦ ਲੋਕਾਂ ਨੇ ਕਿਹਾ, "ਸਾਰੇ ਵਿਦਿਆਰਥੀ ਜਾਪਦੇ ਸਨ। ਉਹ ਪ੍ਰੀਖਿਆ ਲਈ ਗਯਾ ਆਏ ਸਨ। ਇੱਕ ਨੌਜਵਾਨ ਨਦੀ ਦੇ ਕੰਢੇ 'ਤੇ ਟਾਇਲਟ ਦੀ ਵਰਤੋਂ ਕਰ ਰਿਹਾ ਸੀ। ਉਹ ਡੁੱਬਣ ਲੱਗ ਪਿਆ, ਅਤੇ ਉਸਨੂੰ ਬਚਾਉਣ ਦੀ ਕੋਸ਼ਿਸ਼ ਕਰਦੇ ਹੋਏ, ਬਾਕੀ ਵੀ ਡੁੱਬ ਗਏ।" ਮ੍ਰਿਤਕਾਂ ਵਿੱਚ ਮੁਹੰਮਦ ਕੈਫ (17), ਸ਼ਾਹਨਵਾਜ਼ (18), ਮੁਹੰਮਦ ਸ਼ਰੀਕ (17), ਅਨਸ (16) ਅਤੇ ਸੂਫੀਆਂ (16) ਸ਼ਾਮਲ ਹਨ। ਸਾਰੇ 12ਵੀਂ ਅਤੇ 11ਵੀਂ ਜਮਾਤ ਦੇ ਵਿਦਿਆਰਥੀ ਸਨ। ਉਹ ਆਪਣੀ ਪ੍ਰੀਖਿਆ ਦੇਣ ਤੋਂ ਬਾਅਦ ਵਾਪਸ ਆ ਰਹੇ ਸਨ ਅਤੇ ਨਦੀ ਵਿੱਚ ਨਹਾਉਣ ਗਏ ਸਨ।

ਇਹ ਹਾਦਸਾ ਡੂੰਘੇ ਪਾਣੀ ਕਾਰਨ ਹੋਇਆ।

ਵਜ਼ੀਤਪੁਰ ਦੇ ਵਸਨੀਕ ਸੀਪੀਆਈ (ਐਮਐਲ) ਆਗੂ ਤਾਰਿਕ ਅਨਵਰ ਨੇ ਕਿਹਾ, "ਇਹ ਸਾਰੇ ਹਾਈ ਸਕੂਲ ਦੇ ਵਿਦਿਆਰਥੀ ਸਨ। ਉਹ ਨਦੀ ਦੇ ਕੰਢੇ ਨਹਾਉਣ ਗਏ ਸਨ। ਸਥਾਨਕ ਲੋਕਾਂ ਨੇ ਉਨ੍ਹਾਂ ਨੂੰ ਬਚਾਉਣ ਦੀ ਕੋਸ਼ਿਸ਼ ਕੀਤੀ। ਪੰਜ ਦੀ ਮੌਤ ਹੋ ਗਈ। ਚਾਰ ਮੁੰਡੇ ਬੇਲਾ ਦੇ ਰਹਿਣ ਵਾਲੇ ਹਨ। ਰੇਤ ਦੀ ਖੁਦਾਈ ਕਾਰਨ ਇੱਥੇ ਡੂੰਘਾਈ ਸਪਸ਼ਟ ਨਹੀਂ ਹੈ, ਜਿਸ ਕਾਰਨ ਇਹ ਹਾਦਸਾ ਵਾਪਰਿਆ।" ਪਿੰਡ ਵਾਸੀਆਂ ਨੇ ਕਿਹਾ, "ਨੌਜਵਾਨ ਅਕਸਰ ਇਸ ਜਗ੍ਹਾ 'ਤੇ ਨਹਾਉਣ ਅਤੇ ਵੀਡੀਓ ਬਣਾਉਣ ਲਈ ਆਉਂਦੇ ਹਨ। ਇੱਥੇ ਡੂੰਘੇ ਪਾਣੀ ਕਾਰਨ ਹਾਦਸੇ ਅਕਸਰ ਵਾਪਰਦੇ ਰਹਿੰਦੇ ਹਨ। ਪ੍ਰਸ਼ਾਸਨ ਇਸ ਗੱਲ ਤੋਂ ਜਾਣੂ ਹੈ, ਪਰ ਲੋਕਾਂ ਨੂੰ ਰੋਕਣ ਲਈ ਕੋਈ ਪ੍ਰਬੰਧ ਨਹੀਂ ਕੀਤੇ ਗਏ ਹਨ।"


Samaj Weekly
ਸਮਾਜ ਵੀਕਲੀ

Editor-in-chief
Devinder Chander
+44 7878 456 484

Editorial Office
Samaj Weekly
Samaj Media Enterprise Ltd
46 Summer Road
Erdington,Birmingham UK
B23 6UR
+44 7878 456 484
+44 121 565 4810
info@samajweekly.com
samajweekly@gmail.com


ਹਰ ਪ੍ਰਕਾਰ ਦੇ ਵਪਾਰਕ ਅਤੇ ਕਲਾਸੀਫਾਈਡ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

## ਜਲੰਧਰ ਰੋਡ 'ਤੇ ਸਥਿਤ ਇੱਕ ਗੱਦੇ ਦੀ ਫ਼ੈਕਟਰੀ ਵਿੱਚ ਲੱਗੀ ਭਿਆਨਕ ਅੱਗ, ਚਾਰੇ ਪਾਸੇ ਹੋਇਆ ਕਾਲਾ ਧੂੰਆਂ

**ਜਲੰਧਰ।** ਕਪੂਰਥਲਾ ਦੇ ਜਲੰਧਰ ਰੋਡ 'ਤੇ ਸਥਿਤ ਇੱਕ ਗੱਦੇ ਦੀ ਫੈਕਟਰੀ ਵਿੱਚ ਭਿਆਨਕ ਅੱਗ ਲੱਗ ਗਈ। ਅੱਗ ਲੱਗਣ ਨਾਲ ਲੱਖਾਂ ਰੁਪਏ ਦਾ ਸਾਮਾਨ ਸੜ ਗਿਆ। ਅੱਗ ਲੱਗਣ ਦੇ ਕਾਰਨਾਂ ਦਾ ਅਜੇ ਤੱਕ ਪਤਾ ਨਹੀਂ ਲੱਗ ਸਕਿਆ ਹੈ। ਲੋਕਾਂ ਦਾ ਕਹਿਣਾ ਹੈ ਕਿ ਅੱਗ ਇੰਨੀ ਭਿਆਨਕ ਹੈ ਕਿ ਕਾਲਾ ਧੂੰਆਂ ਲਗਭਗ 20 ਕਿਲੋਮੀਟਰ ਦੂਰ ਜਲੰਧਰ ਤੋਂ ਵੀ ਸਾਫ਼ ਦਿਖਾਈ ਦੇ ਰਿਹਾ ਹੈ। ਘਟਨਾ ਦੀ ਸੂਚਨਾ ਮਿਲਦੇ ਹੀ ਫ਼ਾਇਰ ਬ੍ਰਿਗੇਡ ਦੀ ਟੀਮ ਤੁਰੰਤ ਮੌਕੇ 'ਤੇ ਪਹੁੰਚ ਗਈ। ਫ਼ਾਇਰ ਬ੍ਰਿਗੇਡ ਦਫ਼ਤਰ ਤੋਂ ਮਿਲੀ ਜਾਣਕਾਰੀ ਅਨੁਸਾਰ, ਤਿੰਨ ਫ਼ਾਇਰ ਬ੍ਰਿਗੇਡ ਗੱਡੀਆਂ ਅਤੇ 10 ਲੋਕਾਂ ਦੀ ਟੀਮ ਦੋ ਘੰਟਿਆਂ ਤੋਂ ਅੱਗ 'ਤੇ ਕਾਬੂ ਪਾਉਣ ਦੀ ਕੋਸ਼ਿਸ਼ ਕਰ ਰਹੀਆਂ ਹਨ। ਇਹ ਸੂਚਨਾ ਮਿਲਣ ਤੋਂ



ਬਾਅਦ ਡੀਐਸਪੀ ਦੀਪਕਰਨ ਸਿੰਘ ਵੀ ਆਪਣੀ ਟੀਮ ਸਮੇਤ ਮੌਕੇ 'ਤੇ ਪਹੁੰਚ ਗਏ। ਫ਼ਾਇਰ ਬ੍ਰਿਗੇਡ ਦੇ ਅਨੁਸਾਰ, ਉਨ੍ਹਾਂ ਨੂੰ ਸਵੇਰੇ 8:25 ਵਜੇ ਰਿਪੋਰਟ ਮਿਲੀ ਕਿ ਨੂਰਪੁਰ ਦੋਨਾ ਪਿੰਡ ਵਿੱਚ ਇੱਕ ਗੱਦੇ ਦੀ ਫੈਕਟਰੀ ਵਿੱਚ ਅੱਗ ਲੱਗ ਗਈ ਹੈ। ਫ਼ਾਇਰ ਅਫ਼ਸਰ ਗੁਰਪ੍ਰੀਤ ਸਿੰਘ ਦੀ ਟੀਮ ਸਵੇਰੇ 8:26 ਵਜੇ ਮੌਕੇ 'ਤੇ ਪਹੁੰਚੀ। ਸ਼ੱਕ ਹੈ ਕਿ ਅੱਗ ਸ਼ਾਰਟ ਸਰਕਟ ਕਾਰਨ ਲੱਗੀ ਹੈ।


## ਪੱਤਰਕਾਰਾਂ ਦੀ ਲੋੜ

ਇੰਗਲੈਂਡ ਦੇ ਹਰ ਇਲਾਕੇ 'ਚ ਪੱਤਰਕਾਰਾਂ ਦੀ ਲੋੜ ਹੈ, ਪੱਤਰਕਾਰਤਾ ਦਾ ਸ਼ੌਕ ਰੱਖਣ ਵਾਲੇ ਆਪਣੀ C.V. email: samajweekly@gmail.com ਉੱਤੇ ਭੇਜ ਸਕਦੇ ਹਨ।

Editor-in-chief : **Devinder Chander**

**Mob: 07878 456 484**

ਨੋਟ : ਪੱਤਰਕਾਰਤਾ ਦਾ ਤਜੁਰਬਾ ਰੱਖਣ ਵਾਲੇ ਨੂੰ ਪਹਿਲ ਦਿਤੀ ਜਾਵੇਗੀ।

# ਵਿਜੀਲੈਂਸ ਵੱਲੋਂ ਭ੍ਰਿਸ਼ਟਾਚਾਰ ਦੇ ਕੇਸ ‘ਚ ਡਿਪਟੀ ਡਾਇਰੈਕਟਰ ਸਿੰਗਲਾ ਤੇ ਉਸ ਦੇ ਪਰਿਵਾਰ ਵੱਲੋਂ ਬਣਾਈਆਂ ਗੈਰ-ਕਾਨੂੰਨੀ ਜਾਇਦਾਦਾਂ ਜ਼ਬਤ

**ਚੰਡੀਗੜ੍ਹ।** ਪੰਜਾਬ ਵਿਜੀਲੈਂਸ ਬਿਊਰੋ ਵੱਲੋਂ ਭ੍ਰਿਸ਼ਟਾਚਾਰ ਦੇ ਇੱਕ ਕੇਸ ਵਿੱਚ ਵੱਡੀ ਸਫਲਤਾ ਹਾਸਲ ਕਰਦਿਆਂ ਪੰਜਾਬ ਖੁਰਾਕ ਅਤੇ ਸਿਵਲ ਸਪਲਾਈ ਵਿਭਾਗ ਦੇ ਸਾਬਕਾ ਡਿਪਟੀ ਡਾਇਰੈਕਟਰ ਰਾਕੇਸ਼ ਕੁਮਾਰ ਸਿੰਗਲਾ, ਉਸ ਦੀ ਪਤਨੀ ਰਚਨਾ ਸਿੰਗਲਾ ਅਤੇ ਉਸ ਦੇ ਪੁੱਤਰ ਸਵਰਾਜ ਸਿੰਗਲਾ ਅਤੇ ਸਿਧਾਰਥ ਸਿੰਗਲਾ ਦੀਆਂ ਦੀਆਂ 8 ਜਾਇਦਾਦਾਂ ਅਤੇ ਤਿੰਨ ਬੈਂਕ ਖਾਤੇ ਜ਼ਬਤ ਕੀਤੇ ਗਏ ਹਨ। ਇਹ ਕਾਰਵਾਈ ਉਕਤ ਮੁਲਜ਼ਮਾਂ ਵਿਰੁੱਧ ਚੱਲ ਰਹੇ ਅਪਰਾਧਿਕ ਮਾਮਲਿਆਂ ਵਿੱਚ ਅਦਾਲਤ ਵੱਲੋਂ ਜਾਰੀ ਹੁਕਮਾਂ ਉਪੰਰਤ ਅਮਲ ਵਿੱਚ ਲਿਆਂਦੀ ਗਈ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਅੱਜ ਇੱਥੇ ਰਾਜ ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ "ਰਾਜ ਬਨਾਮ ਰਾਕੇਸ਼ ਕੁਮਾਰ ਸਿੰਗਲਾ ਅਤੇ ਹੋਰ" ਸਿਰਲੇਖ ਹੇਠ 19 ਅਪ੍ਰੈਲ, 2023 ਨੂੰ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਦੀ ਧਾਰਾ 13(1)(ਬੀ) ਅਤੇ 13(2) ਅਤੇ ਆਈ.ਪੀ.ਸੀ. ਦੀ ਧਾਰਾ 120-ਬੀ ਤਹਿਤ ਦਰਜ ਐਫ.ਆਈ.ਆਰ. ਨੰਬਰ 8 ਦੇ ਸਬੰਧ ਵਿੱਚ ਚਲਦੇ ਮੁਕੱਦਮੇ ਦੌਰਾਨ ਲੁਧਿਆਣਾ ਦੀ ਅਦਾਲਤ ਵੱਲੋਂ ਜ਼ਬਤੀ ਦਾ ਹੁਕਮ ਜਾਰੀ ਕੀਤਾ ਗਿਆ ਹੈ। ਜ਼ਬਤ ਕੀਤੀਆਂ ਗਈਆਂ ਜਾਇਦਾਦਾਂ ਵਿੱਚ ਖੰਨਾ ਵਿਖੇ ਜੀ.ਟੀ. ਰੋਡ 'ਤੇ ਪਟਵਾਰਖਾਨਾ ਨੇੜੇ "ਦਿ ਸੈਲੀਬ੍ਰੇਸ਼ਨ ਬਾਜ਼ਾਰ" ਵਿਖੇ ਪੰਜ ਵਪਾਰਕ ਦੁਕਾਨਾਂ, ਖਾਸ ਤੌਰ 'ਤੇ ਦੁਕਾਨ ਨੰਬਰ ਯੂ.ਜੀ.ਐਫ. -30, ਯੂ.ਜੀ.ਐਫ.-29, ਯੂ.ਜੀ.ਐਫ.-27, ਯੂ.ਜੀ.ਐਫ.-28, ਅਤੇ ਜੀ.ਐਫ.-31 ਸ਼ਾਮਲ ਹਨ।




ਇਹ ਸਾਰੀਆਂ ਦੁਕਾਨਾਂ 30 ਜੂਨ, 2021 ਨੂੰ ਵਾਸੀਕਾ ਨੰਬਰਾਂ ਅਧੀਨ ਰਜਿਸਟਰਡ ਕਰਵਾਈਆਂ ਗਈਆਂ ਹਨ। ਇਸ ਦੇ ਨਾਲ ਹੀ ਜ਼ਬਤ ਕੀਤੀਆਂ ਗਈਆਂ ਜਾਇਦਾਦਾਂ ਵਿੱਚ ਸੈਕਟਰ 48-ਏ ਚੰਡੀਗੜ੍ਹ ਵਿੱਚ ਇੱਕ ਫਲੈਟ ਨੰਬਰ 304, ਮੁੱਲਾਂਪੁਰ, ਐਸ.ਏ.ਐਸ. ਨਗਰ ਵਿਖੇ ਇੰਟਰਨੈਸ਼ਨਲ ਟ੍ਰੇਡ ਟਾਵਰ ਵਿੱਚ ਇੱਕ ਦਫਤਰ ਅਤੇ ਓਮੈਕਸ ਪ੍ਰੋਜੈਕਟ, ਐਸ.ਏ.ਐਸ. ਨਗਰ ਵਿੱਚ ਲੇਕ ਕਮਰਸ਼ੀਅਲ ਪ੍ਰੋਜੈਕਟ ਵਿੱਚ ਇੱਕ ਐਸ.ਸੀ.ਓ. ਵੀ ਸ਼ਾਮਲ ਹੈ। ਇਸ ਤੋਂ ਇਲਾਵਾ, ਬਿਊਰੋ ਨੇ ਰਚਨਾ ਸਿੰਗਲਾ ਨੂੰ ਉਪਰੋਕਤ ਜਾਇਦਾਦਾਂ ਤੋਂ ਕਿਰਾਏ ਵਜੋਂ ਪ੍ਰਾਪਤ ਹੋਏ 1,08,44,785 ਰੁਪਏ ਦੇ ਬੈਂਕ ਬੈਲੇਂਸ ਅਤੇ ਸਵਰਾਜ ਸਿੰਗਲਾ ਅਤੇ ਸਿਧਾਰਥ ਸਿੰਗਲਾ ਨੂੰ ਹੋਰਨਾਂ ਜਾਇਦਾਦਾਂ ਤੋਂ ਕਿਰਾਏ ਵਜੋਂ ਪ੍ਰਾਪਤ ਹੋਏ ਕ੍ਰਮਵਾਰ 14,32,992 ਰੁਪਏ ਅਤੇ 16,25,088 ਰੁਪਏ ਵੀ ਜ਼ਬਤ ਕਰ ਲਏ ਹਨ।

ਉਨ੍ਹਾਂ ਅੱਗੇ ਦੱਸਿਆ ਕਿ ਅਦਾਲਤ ਵੱਲੋਂ 15 ਸਤੰਬਰ, 2025 ਨੂੰ ਜਾਰੀ ਆਪਣੇ ਹੁਕਮ ਵਿੱਚ, ਉਕਤ ਮੁਲਜ਼ਮਾਂ ਅਤੇ ਉਨ੍ਹਾਂ ਦੇ ਕਾਨੂੰਨੀ ਵਾਰਸਾਂ/ਵਕੀਲਾਂ ਆਦਿ ਨੂੰ ਇਸ ਕੇਸ ਦੌਰਾਨ ਇਨ੍ਹਾਂ ਜਾਇਦਾਦਾਂ ਨੂੰ ਤਬਦੀਲ ਕਰਨ ਜਾਂ ਗਿਰਵੀ ਰੱਖਣ ਤੋਂ ਰੋਕ ਦਿੱਤਾ ਗਿਆ ਹੈ। ਇਹ ਕਾਰਵਾਈ ਰਾਕੇਸ਼ ਕੁਮਾਰ ਸਿੰਗਲਾ ਵੱਲੋਂ ਆਪਣੇ ਕਾਰਜਕਾਲ ਦੌਰਾਨ ਆਮਦਨ ਦੇ ਜਾਣੂ ਸਰੋਤਾਂ ਤੋਂ ਵੱਧ ਜਾਇਦਾਦ ਇਕੱਠੀ ਕਰਨ ਸਬੰਧੀ ਦੋਸ਼ਾਂ ਦੀ ਵਿਆਪਕ ਜਾਂਚ ਦਾ ਹਿੱਸਾ ਹੈ।

ਬੁਲਾਰੇ ਨੇ ਦੱਸਿਆ ਕਿ ਵਿਜੀਲੈਂਸ ਬਿਊਰੋ ਨੇ ਪਹਿਲਾਂ ਉਕਤ ਸਿੰਗਲਾ ਦੇ ਇੱਕ ਅਪਰਾਧਿਕ ਸਾਜ਼ਿਸ਼ ਵਿੱਚ ਸ਼ਾਮਲ ਹੋਣ ਬਾਰੇ ਪਤਾ ਲੱਗਣ ਉਪਰੰਤ ਐਫ.ਆਈ.ਆਰ. ਨੰਬਰ 8 ਦਰਜ ਕੀਤੀ ਸੀ, ਜਿਸ ਦਾ ਜ਼ਿਕਰ ਪਹਿਲਾਂ 16 ਅਗਸਤ, 2022 ਨੂੰ ਦਰਜ ਐਫ.ਆਈ.ਆਰ. ਨੰਬਰ 11 ਵਿੱਚ ਕੀਤਾ ਗਿਆ ਸੀ, ਜਿਸ ਵਿੱਚ ਸਿੰਗਲਾ 'ਤੇ ਭ੍ਰਿਸ਼ਟਾਚਾਰ ਅਤੇ ਗਬਨ ਦਾ ਦੋਸ਼ ਲਗਾਇਆ ਗਿਆ ਸੀ। ਜਾਂਚ ਦੌਰਾਨ ਪਤਾ ਲੱਗਾ ਕਿ ਉਸਨੇ ਭ੍ਰਿਸ਼ਟਾਚਾਰ ਨਾਲ ਪ੍ਰਾਪਤ ਕੀਤੇ ਪੈਸੇ ਦੀ ਵਰਤੋਂ ਕਰਕੇ ਆਪਣੇ ਪਰਿਵਾਰਕ ਮੈਂਬਰਾਂ ਦੇ ਨਾਮ 'ਤੇ ਗੈਰ-ਕਾਨੂੰਨੀ ਢੰਗ ਨਾਲ ਜਾਇਦਾਦਾਂ ਖਰੀਦੀਆਂ। ਮੁਲਜ਼ਮ ਸਿੰਗਲਾ ਅਤੇ ਉਸਦੀ ਪਤਨੀ, ਵਾਸੀ ਰਾਜਗੁਰੂ ਨਗਰ, ਲੁਧਿਆਣਾ, ਕਾਨੂੰਨ ਦੀ ਕਾਰਵਾਈ ਤੋਂ ਬਚ ਰਹੇ ਹਨ ਜਿਸ ਕਾਰਨ ਅਦਾਲਤ ਨੇ ਉਨ੍ਹਾਂ ਨੂੰ ਭਗੌੜਾ ਅਪਰਾਧੀ ਐਲਾਨ ਦਿੱਤਾ ਹੈ। ਉਨ੍ਹਾਂ ਅੱਗੇ ਦੱਸਿਆ ਕਿ ਇਸ ਮਾਮਲੇ ਦੀ ਹੋਰ ਜਾਂਚ ਜਾਰੀ ਹੈ।

# ਗੜ੍ਹਸ਼ੰਕਰ ’ਚ ਐਨ.ਆਰ.ਆਈ. ਵਿਅਕਤੀ ਤੇ ਔਰਤ ਦਾ ਕਤਲ



**ਗੜ੍ਹਸ਼ੰਕਰ।** ਗੜ੍ਹਸ਼ੰਕਰ ਦੇ ਪਿੰਡ ਮੋਰਾਂਵਾਲੀ ਵਿਚ ਇਕ ਐਨ.ਆਰ.ਆਈ. ਵਿਅਕਤੀ ਅਤੇ ਉਸ ਦੇ ਘਰ ਦੀ ਕੇਅਰ ਟੇਕਰ ਔਰਤ ਦਾ ਤੇਜ਼ਧਾਰ ਹਥਿਆਰਾਂ ਨਾਲ ਕਤਲ ਹੋਣ ਦੀ ਘਟਨਾ ਸਾਹਮਣੇ ਆਈ ਹੈ। ਸੂਤਰਾਂ ਤੋਂ ਮਿਲੀ ਜਾਣਕਾਰੀ ਅਨੁਸਾਰ ਲਾਸ਼ਾਂ ਕੋਲੋਂ ਆ ਰਹੀ ਬਦਬੂ ਕਾਰਨ ਕਤਲ ਦੀ ਘਟਨਾ ਕੁੱਝ ਦਿਨ ਪੁਰਾਣੀ ਜਾਪ ਰਹੀ ਹੈ। ਮ੍ਰਿਤਕ ਐਨ.ਆਰ.ਆਈ. ਦੀ ਪਛਾਣ ਘਰ ਦੇ ਮਾਲਕ ਸੰਤੋਖ ਸਿੰਘ (65) ਪੁੱਤਰ ਗਿਆਨ ਸਿੰਘ ਵਜੋਂ ਹੋਈ ਹੈ ਜੋ ਕੈਨੇਡਾ ਵਿਚ ਰਹਿ ਰਿਹਾ ਸੀ ਤੇ ਪਿਛਲੇ ਕਰੀਬ ਤਿੰਨ ਮਹੀਨੇ ਤੋਂ ਪਿੰਡ ਆਇਆ ਹੋਇਆ ਸੀ। ਮ੍ਰਿਤਕ ਔਰਤ ਦੀ ਪਛਾਣ ਮਨਜੀਤ ਕੌਰ (46) ਪਤਨੀ ਲਖਵਿੰਦਰ ਸਿੰਘ ਪਿੰਡ ਬਾਠ (ਨੂਰਮਹਿਲ) ਵਜੋਂ ਹੋਈ ਹੈ ਜੋ ਸੰਤੋਖ ਸਿੰਘ ਦੇ ਘਰ ’ਚ ਕੇਅਰ ਟੇਕਰ ਵਜੋਂ ਕੰਮ ਰਹਿ ਰਹੀ ਸੀ। ਦੱਸ ਦਈਏ ਕਿ ਇਸ ਘਟਨਾ ਦਾ ਉਸ ਵਕਤ ਪਤਾ ਲੱਗਾ ਜਦੋਂ ਸਵੇਰ ਸਮੇਂ ਮਨਜੀਤ ਕੌਰ ਦੀਆਂ ਕੁੜੀਆਂ ਨੇ ਮਕਾਨ ਨੂੰ ਬਾਹਰੋਂ ਬੰਦ ਹੋਣ ’ਤੇ ਜਦੋਂ ਕੰਧ ਟੱਪ ਕੇ ਅੰਦਰ ਜਾ ਕੇ ਦੇਖਿਆ ਤਾਂ ਘਰ ਦੇ ਅੰਦਰ ਸੰਤੋਖ ਸਿੰਘ ਤੇ ਮਨਜੀਤ ਕੌਰ ਦੀਆਂ ਲਾਸ਼ਾ ਪਈਆਂ ਸਨ ਜਿਨ੍ਹਾਂ ’ਤੇ ਤੇਜ਼ਧਾਰ ਹਥਿਆਰਾਂ ਨਾਲ ਕੀਤੇ ਵਾਰ ਦੇ ਨਿਸ਼ਾਨ ਸਨ। ਜਿਸ ਦੀ ਸੂਚਨਾ ਪੁਲਿਸ ਨੂੰ ਦਿਤੀ ਗਈ। ਘਟਨਾ ਦੀ ਸੂਚਨਾ ਮਿਲਣ ਤੋਂ ਬਾਅਦ ਡਾ. ਮੁਕੇਸ਼ ਕੁਮਾਰ ਐਸ.ਪੀ. (ਡੀ), ਜਸਪ੍ਰੀਤ ਸਿੰਘ ਡੀ.ਐਸ.ਪੀ. ਗੜ੍ਹਸ਼ੰਕਰ, ਐਸ.ਐਚ.ਓ. ਗਗਨਦੀਪ ਸਿੰਘ ਸੇਖੋਂ ਪੁਲਿਸ ਫ਼ੋਰਸ ਸਮੇਤ ਮੌਕੇ ’ਤੇ ਪਹੁੰਚ ਕੇ ਘਟਨਾ ਦੀ ਜਾਂਚ ਕਰ ਰਹੇ ਹਨ।




# ਰਾਏਕੋਟ ਸ਼ਹਿਰ ਵਿੱਚ ਆਵਾਰਾ ਕੁੱਤਿਆਂ ਦੀ ਸਮੱਸਿਆ ਦਿਨੋਂ ਦਿਨ ਵੱਧਦੀ ਜਾ ਰਹੀ ਹੈ

## ਬੱਚਿਆਂ ਨੂੰ ਇਹ ਕੁੱਤੇ ਆਪਣਾ ਨਿਸ਼ਾਨਾਂ ਬਣਾਉਂਦੇ ਹਨ





**ਰਾਏਕੋਟ (ਗੁਰਭਿੰਦਰ ਗੁਰੀ)** ਸ਼ਹਿਰ ਵਿੱਚ ਲਗਾਤਾਰ ਵੱਧ ਰਹੀ ਆਵਾਰਾ ਕੁੱਤਿਆਂ ਦੀ ਸਮੱਸਿਆ ਦੇ ਸਬੰਧ ਵਿੱਚ ਸ਼ਹਿਰ ਵਾਸੀਆਂ ਦਾ ਇੱਕ ਵਫਦ ਕੌਂਸਲਰ ਬਲਜਿੰਦਰ ਸਿੰਘ ਰਿੰਪਾ ਅਤੇ ਸੁਖਵੀਰ ਸਿੰਘ ਰਾਏ ਦੀ ਅਗਵਾਈ ਹੇਠ ਨਗਰ ਕੌਂਸਲ ਰਾਏਕੋਟ ਦੇ ਕਾਰਜ ਸਾਧਕ ਅਫਸਰ ਚਰਨਜੀਤ ਸਿੰਘ ਨੂੰ ਮਿਲਿਆ, ਇਸ ਸਮੇਂ ਨਗਰ ਕੌਂਸਲ ਪ੍ਰਧਾਨ ਸੁਦਰਸ਼ਨ ਕੁਮਾਰ ਜੋਸ਼ੀ ਵੀ ਉੱਥੇ ਮੌਜੂਦ ਸਨ। ਕਾਰਜ ਸਾਧਕ ਅਫਸਰ ਚਰਨਜੀਤ ਸਿੰਘ ਨੂੰ ਦਿੱਤੇ ਇੱਕ ਮੰਗ ਪੱਤਰ ਵਿੱਚ ਸ਼ਹਿਰ ਵਾਸੀਆਂ ਨੇ ਮੰਗ ਕੀਤੀ ਕਿ ਰਾਏਕੋਟ ਸ਼ਹਿਰ ਵਿੱਚ ਆਵਾਰਾ ਕੁੱਤਿਆਂ ਦੀ ਸਮੱਸਿਆ ਦਿਨੋਂ ਦਿਨ ਵੱਧਦੀ ਜਾ ਰਹੀ ਹੈ, ਜਿਸ ਕਾਰਨ ਲੋਕਾਂ ਨੂੰ ਕਾਫੀ ਸਮੱਸਿਆ ਪੇਸ਼ ਆਂਉਦੀ ਹੈ, ਖਾਸਕਰ ਬੱਚਿਆਂ ਨੂੰ ਇਹ ਕੁੱਤੇ ਆਪਣਾ ਨਿਸ਼ਾਨਾਂ ਬਣਾਉਂਦੇ ਹਨ, ਜਿਸ ਕਾਰਨ ਕੁੱਤਿਆਂ ਦੇ ਕੱਟਣ ਦੇ ਕੇਸਾਂ ਵਿੱਚ ਕਾਫੀ ਵਾਧਾ ਹੋਇਆ ਹੈ, ਕਿਉਂਕਿ ਇਹ ਆਵਾਰਾ ਕੁੱਤੇ ਸ਼ਹਿਰ ਦੇ ਹਰੇਕ ਗਲੀ ਮੁਹੱਲਿਆਂ ਵਿੱਚ ਝੁੰਡ ਬਣਾ ਕੇ ਫਿਰਦੇ ਹਨ ਅਤੇ ਮੌਕਾ ਦੇਖ ਕੇ ਬੱਚਿਆਂ ਨੂੰ ਨਿਸ਼ਾਨਾ ਬਣਾਂਉਂਦੇ ਹਨ। ਇਸ ਤੋਂ ਇਲਾਵਾ ਇੰਨ੍ਹਾਂ ਕਾਰਨ ਸ਼ਹਿਰ ਦੀਆਂ ਸੜਕਾਂ 'ਤੇ ਗੰਦਗੀ ਫੈਲੀ ਰਹਿੰਦੀ ਹੈ, ਜਿਸ ਵਿੱਚ ਪਾਲਤੂ ਕੁੱਤਿਆਂ ਦਾ ਵੀ ਵੱਡਾ ਯੋਗਦਾਨ ਹੁੰਦਾ ਹੈ। ਸ਼ਹਿਰ ਵਾਸੀਆਂ ਨੇ ਮੰਗ ਕੀਤੀ ਕਿ ਸ਼ਹਿਰ ਵਿੱਚ ਫਿਰਦੇ ਆਵਾਰਾ ਕੁੱਤਿਆਂ 'ਤੇ ਕਾਬੂ ਪਾਉਣ ਤੋਂ ਇਲ-ਾਵਾ ਪਾਲਤੂ ਕੁੱਤਿਆਂ ਦੀ ਵੀ ਵੈਰੀਫਿਕੇਸ਼ਨ ਕਰਵਾ ਕੇ ਉਨ੍ਹਾਂ ਦੇ ਮਾਲਕਾਂ ਨੂੰ ਹਲਕਾਅ ਸਬੰਧੀ ਟੀਕਾਕਰਨ ਕਵਾਉਣ ਦੀ ਹਦਾਇਤ ਜਾਰੀ ਕੀਤੀ ਜਾਵੇ। ਇਸ ਸਬੰਧ 'ਚ ਕਾਰਜ ਸਾਧਕ ਅਫਸਰ ਚਰਨਜੀਤ ਸਿੰਘ ਨੇ ਵਫ਼ਦ 'ਚ ਸ਼ਾਮਲ ਸ਼ਹਿਰ ਵਾਸੀਆਂ ਨੂੰ ਭਰੋਸਾ ਦਵਾਇਆ ਕਿ ਆਵਾਰਾ ਕੁੱਤਿਆਂ ਦੀ ਵੱਧਦੀ ਤਾਦਾਦ 'ਤੇ ਕਾਬੂ ਪਾਉਣ ਲਈ ਪਹਿਲ ਦੇ ਅਧਾਰ 'ਤੇ ਕੁੱਤਿਆਂ ਦੀ ਨਸਬੰਧੀ ਸਬੰਧੀ ਟੈਂਡਰ ਲਗਾਉਣਗੇ। ਇਸ ਮੌਕੇ ਵਫ਼ਦ ਵਿੱਚ ਸੁਖਵੀਰ ਸਿੰਘ ਰਾਏ, ਰਾਜੂ ਰਾਏਕੋਟ, ਰਮਨ ਮਾਨ, ਕੌਂਸਲਰ ਗੁਰਦਾਸ ਮਾਨ, ਐਡਵੋਕੇਟ ਸੰਨੀ ਭੰਗਾਨੀ, ਪ੍ਰਦੀਪ ਸਿੰਘ ਸਿੱਧੂ, ਜਸਕਮਲ ਸਿੰਘ, ਬੱਬੂ ਰਾਏਕੋਟ, ਸੁਖਚੈਨ ਸਿੰਘ ਰਾਏ, ਲਖਵੀਰ ਸਿੰਘ ਰਾਏ, ਲਾਡੀ ਰਾਏਕੋਟ, ਗੁਰਜੰਟ ਸਿੰਘ ਧਾਲੀਵਾਲ ਆਦਿ ਸ਼ਾਮਲ ਸਨ।

# ਹਿੰਦੀ ਪੰਦਰਵਾੜਾ ਰੇਲ ਕੋਚ ਫੈਕਟਰੀ, ਵਿਖੇ ਆਯੋਜਿਤ




**ਕਪੂਰਥਲਾ, (ਕੌੜਾ)–** ਰੇਲ ਕੋਚ ਫੈਕਟਰੀ ਵਿਖੇ 14 ਸਤੰਬਰ ਤੋਂ 28 ਸਤੰਬਰ 2025 ਤੱਕ ਹਿੰਦੀ ਪੰਦਰਵਾੜੇ ਦਾ ਆਯੋਜਨ ਕੀਤਾ ਜਾ ਰਿਹਾ ਹੈ। ਇਸ ਦੌਰਾਨ, ਹਿੰਦੀ ਲੇਖ, ਹਿੰਦੀ ਟਿੱਪਣੀਆਂ ਅਤੇ ਫਾਰਮੈਟ ਲਿਖਣ ਦਾ ਮੁਕਾਬਲਾ, ਹਿੰਦੀ ਕੁਇਜ਼, ਹਿੰਦੀ ਸਾਹਿਤਕ ਸੈਮੀਨਾਰ ਅਤੇ ਹਿੰਦੀ ਡਰਾਮਾ ਕਰਵਾਇਆ ਗਿਆ। ਰੇਡਿਕਾ ਦੇ ਕਰਮਚਾਰੀਆਂ ਨੇ ਇਨ੍ਹਾਂ ਮੁਕਾਬਲਿਆਂ ਵਿੱਚ ਵਿਆਪਕ ਤੌਰ ਤੇ ਹਿੱਸਾ ਲਿਆ।

14 ਸਤੰਬਰ ਨੂੰ "ਹਿੰਦੀ ਦਿਨ" ਦੇ ਮੌਕੇ ਤੇ, ਜਨਰਲ ਮੈਨੇਜਰ ਨੇ ਦਿਲੋਂ ਸ਼ੁਭਕਾਮਨਾਵਾਂ ਜਾਰੀ ਕੀਤੀਆਂ ਅਤੇ ਸਾਰੇ ਅਧਿਕਾਰੀਆਂ ਅਤੇ ਕਰਮਚਾਰੀਆਂ ਨੂੰ ਆਪਣੀ ਸਰਕਾਰੀ ਕੰਮ ਕਰਨ ਦੀ ਬੇਨਤੀ ਕੀਤੀ। ਮਹਾਨ ਲੇਖਕਾਂ ਦੀ ਵੱਖ-ਵੱਖ ਸਹੂਲਤਾਂ ਵਾਲੇ ਬੈਨਰ, ਰਾਜ ਭਾਸ਼ਾ ਹਿੰਦੀ ਨੂੰ ਉਤਸ਼ਾਹਤ ਕਰਨ ਲਈ ਹਿੰਦੀ ਭਾਸ਼ਾ ਦੀ ਮਹੱਤਤਾ ਨੂੰ ਦਰਸਾਉਂਦੇ ਹੋਏ, ਨੂੰ ਰਿਪਕ-ਟਸ ਆਫ਼ ਦਿ ਸਾਇਲਾ ਕੈਂਪਸ ਅਤੇ ਵਰਕਸ਼ਾਪ ਵਿਚ ਵੱਖ-ਵੱਖ ਥਾਵਾਂ 'ਤੇ ਲਗਾਇਆ ਗਿਆ ਹੈ। ਹਿੰਦੀ ਭਾਸ਼ਣ ਮੁਕਾ-ਬਲੇ ਵਿਚ, ਕਰਮਚਾਰੀਆਂ ਨੇ "ਵਰਤਮਾਨ ਅਤੇ ਆਨਲਾਈਨ ਐਜੂਕੇਸ਼ਨ ਆਫ਼ ਐਜੂਕੇਸ਼ਨ ਆਫ਼ ਐਜੂਕੇਸ਼ਨਜ਼-ਸੰਭਾਵਨਾਵਾਂ- ਸੰਭਾਵਨਾਵਾਂ, ਚੁਣੌਤੀਆਂ ਅਤੇ ਹੱਲ" ਬਾਰੇ ਆਪਣੇ ਵਿਚਾਰ ਪੇਸ਼ ਕੀਤੇ। ਹਿੰਦੀ ਕਵਿਜ਼ ਅਤੇ ਸਾਹਿਤਕ ਸੈਮੀਨਾਰ ਦੌਰਾਨ ਪੁੱਛੇ ਗਏ ਪ੍ਰਸ਼ਨਾਂ ਦੇ ਸਹੀ ਜਵਾਬਾਂ ਦਾ ਜਵਾਬ ਦਿੱਤਾ ਗਿਆ। ਉਨ੍ਹਾਂ ਨੂੰ ਮੌਕੇ 'ਤੇ ਤੋਹਫ਼ੇ ਦੇ ਕੇ ਸਨਮਾਨਿਤ ਕੀਤਾ ਗਿਆ। ਸਾਹਿਤਕ ਸੈਮੀਨਾਰ ਦੇ ਮੌਕੇ ਤੇ, ਹਿੰਦੀ ਦੇ ਮਸ਼ਹੂਰ ਹਰੀਸ਼ ਚੱਗਰ ਅਤੇ ਰਾਮਧਾਰੀ ਸਿੰਘ ਡਿੰਗਾ ਦੇ ਮਸ਼ਹੂਰ ਨਿਰਮਾਤਾ ਆਯੋਜਿਤ ਕੀਤੇ ਗਏ। ਇਸ ਪ੍ਰੋਗਰਾਮ ਵਿਚ, ਕੁਝ ਕਰਮਚਾਰੀਆਂ ਨੇ ਭਾਰਤੀ ਹਰੀਸ਼ਚੰਦਰ ਅਤੇ ਰਾਮਧਾਰੀ ਸਿੰਘ ਡਿੰਕਰ ਅਤੇ ਕੁਝ ਲੋਕਾਂ ਨੇ ਵੋਕਲ ਅਤੇ ਹੋਰ ਕਵੀਆਂ ਦੇ ਕਵਿਤਾਵਾਂ ਵੀ ਸੁਣਾਈਆਂ।

ਹਿੰਦੀ ਡਰਾਮਾ "ਜਿਜੀ" ਸ਼੍ਰੀ ਰਾਕੇਸ਼ ਕੁਮਾਰ ਦੀ ਨਿਰੇਦਸਨਾ ਹੇਠ ਵਾਰਿਸ ਸ਼ਾਹ ਹਾਲ ਵਿਖੇ ਆਯੋਜਿਤ ਕੀਤਾ ਗਿਆ ।

# ਝੋਨੇ ਦੀ ਖ਼ਰੀਦ ਸੁਚੱਜੇ ਢੰਗ ਨਾਲ ਜਾਰੀ, ਹੁਣ ਤੱਕ ਮੰਡੀਆਂ 'ਚ ਹੋਈ 1158 ਮੀਟ੍ਰਿਕ ਟਨ ਦੀ ਆਮਦ: ਡਿਪਟੀ ਕਮਿਸ਼ਨਰ

**ਵੱਖ-ਵੱਖ ਖਰੀਦ ਏਜੰਸੀਆਂ ਨੇ ਖਰੀਦਿਆ 655 ਮੀਟ੍ਰਿਕ ਟਨ ਝੋਨਾ**

**ਕਿਸਾਨਾਂ ਨੂੰ ਸਮੇਂ ਸਿਰ ਅਦਾਇਗੀਆਂ ਬਣਾਈਆਂ ਜਾ ਰਹੀਆਂ ਯਕੀਨੀ**



**ਨਵਾਂਸ਼ਹਿਰ, (ਜਤਿੰਦਰ ਪਾਲ ਸਿੰਘ ਕਲੇਰ )** ਡਿਪਟੀ ਕਮਿਸ਼ਨਰ ਅੰਕੁਰਜੀਤ ਸਿੰਘ ਨੇ ਅੱਜਦੱਸਿਆ ਕਿ ਜ਼ਿਲ੍ਹੇ ਦੀਆਂ ਮੰਡੀਆਂ ਵਿੱਚ ਝੋਨੇ ਦੀ ਖਰੀਦ ਪ੍ਰਕਿਰਿਆ ਸੁਚਾਰੂ ਤੇ ਨਿਰਵਿਘਨ ਜਾਰੀ ਹੈ ਅਤੇ ਹੁਣ ਤੱਕ ਜ਼ਿਲ੍ਹੇ ਦੀਆਂ ਮੰਡੀਆਂ ਵਿੱਚ 1158 ਮੀਟ੍ਰਿਕ ਟਨ ਝੋਨੇ ਦੀ ਆਮਦ ਹੋਈ ਹੈ, ਜਿਸ ਵਿਚੋਂ 57 ਫੀਸਦੀ ਫ਼ਸਲ, 655 ਮੀਟ੍ਰਿਕ ਟਨ, ਵੱਖ-ਵੱਖ ਏਜੰਸੀਆਂ ਵੱਲੋਂ ਖ਼ਰੀਦੀ ਜਾ ਚੁੱਕੀ ਹੈ। ਕਿਸਾਨਾਂ ਨੂੰ ਮੰਡੀਆਂ ਵਿਚ ਸੁੱਕਾ ਝੋਨਾ ਹੀ ਲਿਆਉਣ ਦੀ ਅਪੀਲ ਕਰਦਿਆਂ, ਡਿਪਟੀ ਕਮਿਸ਼ਨਰ ਅੰਕੁਰਜੀਤ ਸਿੰਘ ਨੇ ਦੱਸਿਆ ਕਿ 25 ਸਤੰਬਰ ਤੱਕ ਜ਼ਿਲ੍ਹੇ ਦੀਆਂ ਮੰਡੀਆਂ ਵਿੱਚੋਂ ਪਨਗਰੇਨ ਵੱਲੋਂ 560 ਮੀਟਰਿਕ ਟਨ, ਮਾਰਕਫੈੱਡ ਵੱਲੋਂ 17 ਮੀਟਰਿਕ ਟਨ, ਪਨਸਪ ਵੱਲੋਂ 40 ਮੀਟਰਿਕ ਟਨ, ਪੰਜਾਬ ਸਟੇਟ ਵੇਅਰ ਕਾਰਪੋਰੇਸ਼ਨ ਵੱਲੋਂ 28 ਮੀਟਰਿਕ ਟਨ ਅਤੇ ਵਪਾਰੀਆਂ ਵੱਲੋਂ 10 ਮੀਟਰਿਕ ਟਨ ਝੋਨੇ ਦੀ ਖਰੀਦ ਕੀਤੀ ਗਈ ਹੈ। ਉਨ੍ਹਾਂ ਦੱਸਿਆ ਕਿ ਕਿਸਾਨਾਂ ਨੂੰ ਖਰੀਦ ਕੀਤੇ ਗਏ ਝੋਨੇ ਦੀ 0.75 ਕਰੋੜ ਰੁਪਏ ਦੀ ਅਦਾਇਗੀ ਕੀਤੀ ਜਾ ਚੁੱਕੀ ਹੈ ਜਦਕਿ 0.44 ਕਰੋੜ ਰਪਏ ਦੀ ਅਦਾਇਗੀ ਵੀ ਪ੍ਰਗਤੀ ਅਧੀਨ ਹੈ ਜੋ ਜਲਦ ਹੀ ਕਿਸਾਨਾਂ ਦੇ ਖਾਤਿਆਂ ਵਿਚ ਪੈ ਜਾਵੇਗੀ। ਉਨ੍ਹਾਂ ਦੱਸਿਆ ਕਿ ਵੀਰਵਾਰ ਨੂੰ ਜ਼ਿਲ੍ਹੇ ਦੀਆਂ ਵੱਖ-ਵੱਖ ਮੰਡੀਆਂ ਵਿੱਚ 415 ਮੀਟ੍ਰਿਕ ਟਨ ਝੋਨੇ ਦੀ ਆਮਦ ਹੋਈ ਜਿਸ ਵਿਚੋਂ ਵੱਖ-ਵੱਖ ਖਰੀਦ ਏਜੰਸੀਆਂ ਵੱਲੋਂ 388 ਮੀਟ੍ਰਿਕ ਟਨ ਝੋਨੇ ਦੀ ਖਰੀਦ ਕੀਤੀ ਗਈ। ਡਿਪਟੀ ਕਮਿਸ਼ਨਰ ਨੇ ਵੱਖ-ਵੱਖ ਖਰੀਦ ਏਜੰਸੀਆਂ ਦੇ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਜ਼ਿਲ੍ਹੇ ਦੀਆਂ ਸਮੂਹ ਮੰਡੀਆਂ ਵਿੱਚੋਂ ਖਰੀਦ ਕੀਤੇ ਗਏ ਝੋਨੇ ਦੀ ਚੁਕਾਈ ਵਿੱਚ ਤੇਜ਼ੀ ਲਿਆਂਦੀ ਜਾਵੇ ਅਤੇ ਖਰੀਦ ਕੀਤੇ ਗਏ ਝੋਨੇ ਦੀ ਅਦਾਇਗੀ ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ 48 ਘੰਟਿਆਂ ਵਿੱਚ ਕਿਸਾਨਾ ਦੇ ਖਾਤਿਆਂ ਵਿਚ ਟਰਾਂਸਫਰ ਕਰਨੀ ਯਕੀਨੀ ਬਣਾਈ ਜਾਵੇ। ਉਨ੍ਹਾਂ ਕਿਹਾ ਕਿ ਮੰਡੀਆਂ ਵਿੱਚ ਕਿਸਾਨਾਂ ਨੂੰ ਆਪਣੀ ਫਸਲ ਵੇਚਣ ਵਿੱਚ ਕੋਈ ਪਰੇਸ਼ਾਨੀ ਨਾ ਆਵੇ। ਡਿਪਟੀ ਕਮਿਸ਼ਨਰ ਨੇ ਜ਼ਿਲ੍ਹੇ ਦੇ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਪੂਰੇ ਪੱਕੇ ਹੋਏ ਅਤੇ ਸੁੱਕਾ ਝੋਨੇ ਦੀ ਹੀ ਕਟਾਈ ਕਰਵਾਉਣ, ਹਰਾ ਅਤੇ ਨਮੀ ਵਾਲਾ ਝੋਨਾ ਨਾ ਕਟਾਉਣ ਤਾਂ ਕਿ ਮੰਡੀਆਂ ਵਿੱਚ ਕੋਈ ਮੁਸ਼ਕਲ ਪੇਸ਼ ਨਾ ਆਵੇ। ਉਨ੍ਹਾਂ ਕਿਹਾ ਕਿ ਜ਼ਿਲ੍ਹੇ ਦੀਆਂ ਸਮੂਹ ਮੰਡੀਆਂ ਵਿੱਚ ਕਿਸਾਨਾਂ ਦੀ ਸਹੂਲਤ ਲਈ ਲੋੜੀਂਦੇ ਪ੍ਰਬੰਧ ਕੀਤੇ ਗਏ ਹਨ ਅਤੇ ਕਿਸਾਨਾਂ ਨੂੰ ਮੰਡੀਆਂ ਵਿੱਚ ਕੋਈ ਦਿੱਕਤ ਨਹੀਂ ਆਉਣ ਦਿੱਤੀ ਜਾਵੇਗੀ।

The Samaj Weekly and people associated with it are not responsible for any claims made by the advisers and don't endorse any product or service advertising Samaj Weekly. Please consult your lawyer before buying hiring/contracting through the ads published in the newspaper. The Samaj Weekly is business of selling space and claims made by the advertisers are not tested/confirmed by any source.

# ਮਾਮਲਾ ਨਕੋਦਰ ਤੋਂ ਜਗਰਾਓਂ ਰੋਡ ਦੀ ਖ਼ਸਤਾ ਹਾਲਤ ਦਾ

## ●ਐਸ ਡੀ ਐਮ ਵੱਲੋਂ ਭਰੋਸਾ ਦਿਵਾਉਣ ਤੋਂ ਬਾਅਦ ਧਰਨਾ ਚੁੱਕਿਆ ●ਟੋਲ ਕੰਪਨੀ ਦਾ ਫੂਕਿਆ ਪੁਤਲਾ, ਬੀਕੇਯੂ ਪੰਜਾਬ ਵੱਲੋਂ ਅਣਮਿੱਥੇ ਸਮੇਂ ਲਈ ਟੋਲ ਫ੍ਰੀ ਦਾ ਹੋਇਆ ਐਲਾਨ ●ਸਮਾਪਤੀ ਧਰਨੇ ਦੀ ਅੰਦੋਲਨ ਦੀ ਨਹੀਂ: ਲਖਵੀਰ ਸਿੰਘ ਗੋਬਿੰਦਪੁਰ







**ਮਹਿਤਪੁਰ (ਹਰਜਿੰਦਰ ਸਿੰਘ ਚੰਦੀ)** ਨਕੋਦਰ ਤੋਂ ਜਗਰਾਓਂ ਰੋਡ ਦੀ ਬੇਹੱਦ ਤਰਸਯੋਗ ਖ਼ਸਤਾ ਹਾਲਤ ਨੂੰ ਦੇਖਦੇ ਹੋਏ ਬੀਕੇਯੂ ਪੰਜਾਬ ਇਕਾਈ ਜਲੰਧਰ ਵੱਲੋਂ ਸੂਬਾ ਪ੍ਰਧਾਨ ਫੁਰਮਾਨ ਸਿੰਘ ਸੰਧੂ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਜ਼ਿਲ੍ਹਾ ਪ੍ਰਧਾਨ ਲਖਵੀਰ ਸਿੰਘ ਗੋਬਿੰਦਪੁਰ, ਕੋਰ ਕਮੇਟੀ ਮੈਂਬਰ ਨਰਿੰਦਰ ਸਿੰਘ ਬਾਜਵਾ ਦੀ ਅਗਵਾਈ ਹੇਠ ਟੋਲ ਪਲਾਜ਼ਾ ਸੰਗੋਵਾਲ ਨੂੰ ਪਰਚੀ ਮੁਕਤ ਕਰਦਿਆਂ ਪਿਛਲੇ 7 ਦਿਨ ਤੋਂ ਦਿਨ ਰਾਤ ਜ਼ਬਰਦਸਤ ਧਰਨਾ ਦਿੱਤਾ ਗਿਆ। ਲਗਾਤਾਰ 7 ਦਿਨ ਚਲੇ ਸ਼ਾਂਤਮਈ ਧਰਨਾ ਪ੍ਰਦਰਸ਼ਨ ਦੌਰਾਨ ਬੀਕੇਯੂ ਪੰਜਾਬ ਦੇ ਬੁਲਾਰਿਆਂ ਵੱਲੋਂ ਰੋਹਨ ਰਾਜਦੀਪ ਟੋਲ ਪਲਾਜ਼ਾ ਕੰਪਨੀ ਤੇ ਜੰਮ ਕੇ ਭੜਾਸ ਕੱਢੀ। ਇਸ ਮੌਕੇ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਪ੍ਰਧਾਨ ਲਖਵੀਰ ਸਿੰਘ ਗੋਬਿੰਦਪੁਰ ਨੇ ਪ੍ਰੈਸ ਨੂੰ ਦੱਸਿਆ ਕਿ ਤਕਰੀਬਨ 2015 ਤੋਂ ਟੋਲ ਪਲਾਜ਼ਾ ਵੱਲੋਂ ਲਗਾਤਾਰ ਪਰਚੀ ਕੱਟੀ ਜਾ ਰਹੀ ਹੈ। ਜਦੋਂ ਕਿ ਇਹ ਟੋਲ ਦੀ ਮਿਆਦ 2027 ਵਿਚ ਸਮਾਪਤ ਹੋਣ ਜਾ ਰਹੀ ਹੈ। ਇਸ ਅਰਸੇ ਦੌਰਾਨ ਪਲਾਜ਼ਾ ਕੰਪਨੀ ਵੱਲੋਂ ਨਕੋਦਰ ਤੋਂ ਜਗਰਾਓਂ 38 ਕਿਲੋਮੀਟਰ ਲੰਬੇ ਰੋਡ ਨੂੰ ਤਿੰਨ ਵਾਰ ਮੁਕੰਮਲ ਰੂਪ ਵਿੱਚ ਬਣਾਉਣ ਦਾ ਇਕਰਾਰ ਕੀਤਾ ਸੀ ਜਦੋਂ ਕਿ ਇਸ ਰੋਡ ਨੂੰ ਹੁਣ ਤੱਕ ਇਕ ਵਾਰ ਵੀ ਨਹੀਂ ਬਣਾਇਆ ਗਿਆ। ਇਸ ਮੌਕੇ ਜਾਣਕਾਰੀ ਦਿੰਦਿਆਂ ਕੋਰ ਕਮੇਟੀ ਮੈਂਬਰ ਨਰਿੰਦਰ ਸਿੰਘ ਬਾਜਵਾ ਨੇ ਕਿਹਾ ਰੋਡ ਦੀ ਖ਼ਸਤਾ ਹਾਲਤ ਕਾਰਨ ਆਏ ਦਿਨ ਹਾਦਸੇ ਹੋ ਰਹੇ ਹਨ ਅਤੇ ਕੀਮਤੀ ਮਨੁੱਖੀ ਜੀਵਨ ਦਾਅ ਤੇ ਲੱਗਿਆ ਹੋਇਆ ਹੈ। ਉਨ੍ਹਾਂ ਕਿਹਾ ਕਿ ਵਾਰ ਵਾਰ ਸੜਕ ਨਿਰਮਾਣ ਲਈ ਦੁਹਾਈ ਪਾਉਣ ਅਤੇ ਪ੍ਰਸ਼ਾਸਨ ਨੂੰ ਮੰਗ ਪੱਤਰ ਸੌਂਪਣ ਦੇ ਬਾਵਜੂਦ ਕਿਸੇ ਦੇ ਕੰਨ ਤੇ ਜੂੰ ਨਹੀਂ ਸਰਕੀ ਅਖੀਰ ਪਬਲਿਕ ਨੂੰ ਨਾਲ ਲੈਕੇ ਟੋਲ ਪਲਾਜ਼ਾ ਤੇ ਧਰਨਾ ਲਗਾ ਦਿੱਤਾ ਗਿਆ। ਅੱਜ ਧਰਨੇ ਦੇ ਸਤਵੇਂ ਦਿਨ ਟੋਲ ਪਲਾਜ਼ਾ ਤੇ ਹਜ਼ਾਰਾਂ ਦੀ ਗਿਣਤੀ ਵਿਚ ਲੋਕਾਂ ਵੱਲੋਂ ਪੁੱਜ ਕੇ ਬੀਕੇਯੂ ਪੰਜਾਬ ਦੀ ਅਗਵਾਈ ਹੇਠ ਜੰਮ ਕੇ ਰੋਸ ਪ੍ਰਦਰਸ਼ਨ ਕੀਤਾ ਅਤੇ ਰੋਹਿਨ ਰਾਜਦੀਪ ਟੋਲ ਪਲਾਜ਼ਾ ਕੰਪਨੀ ਦਾ ਪਿਟ ਸਿਆਪਾ ਕਰਦਿਆਂ ਕੰਪਨੀ ਦਾ ਪੁਤਲਾ ਫੂਕਿਆ। ਇਸ ਮੌਕੇ ਪੰਜਾਬ ਸਰਕਾਰ ਵੱਲੋਂ ਉਚੇਚੇ ਤੌਰ ਤੇ ਧਰਨਾ ਸਥਲ ਤੇ ਪਹੁੰਚੇ ਐਸ ਡੀ ਐਮ ਨਕੋਦਰ ਸ੍ਰੀ ਲਾਲ ਵਿਸ਼ਵਾਸ ਵੱਲੋਂ ਕਿਸਾਨ ਜਥੇਬੰਦੀ ਅਤੇ ਇਲਾਕਾ ਨਿਵਾਸੀਆਂ ਨੂੰ ਵਿਸ਼ਵਾਸ ਦਿਵਾਇਆ ਕਿ ਉਹ ਇਸ ਮਾਮਲੇ ਦੀ ਗੰਭੀਰਤਾ ਨਾਲ ਪੜਤਾਲ ਕਰਨਗੇ। ਅਤੇ ਜਲਦੀ ਹੀ ਇਸ ਸੜਕ ਦਾ ਪੁਨਰ ਨਿਰਮਾਣ ਕਰਵਾਇਆ ਜਾਵੇਗਾ। ਇਸ ਮੌਕੇ ਬੀਕੇਯੂ ਪੰਜਾਬ ਵੱਲੋਂ ਇਕ ਮੰਗ ਪੱਤਰ ਵੀ ਸੌਂਪਿਆ ਗਿਆ। ਇਸ ਮੌਕੇ ਬੀਕੇਯੂ ਪੰਜਾਬ ਵੱਲੋਂ ਮਹਿਤਪੁਰ ਤੋਂ ਤਲਵਣ ਰੋਡ ਦੀ ਖ਼ਸਤਾ ਹਾਲਤ ਅਤੇ ਬੈਲਰ ਚਾਲਕਾਂ ਵੱਲੋਂ ਪਬਲਿਕ ਦੀ ਕੀਤੀ ਜਾ ਰਹੀ ਲੁੱਟ ਤੋਂ ਵੀ ਜਾਣੂ ਕਰਵਾਇਆ। ਜਿਸ ਤੇ ਐਸ ਡੀ ਐਮ ਵੱਲੋਂ ਬਣਦੀ ਕਾਰਵਾਈ ਕਰਨ ਦਾ ਭਰੋਸਾ ਦਿੱਤਾ। ਇਸ ਮੌਕੇ ਐਸ ਡੀ ਐਮ ਨਕੋਦਰ ਤੋਂ ਇਲਾਵਾ ਡੀ ਐਸ ਪੀ ਓਂਕਾਰ ਸਿੰਘ ਬਰਾੜ ਅਤੇ ਬਲਵੀਰ ਸਿੰਘ ਮੁੱਖ ਥਾਣਾ ਅਫਸਰ ਮਹਿਤਪੁਰ ਵੀ ਹਾਜ਼ਰ ਸਨ। ਇਸ ਮੌਕੇ ਸੰਬੋਧਨ ਕਰਦਿਆਂ ਜ਼ਿਲ੍ਹਾ ਪ੍ਰਧਾਨ ਲਖਵੀਰ ਸਿੰਘ ਗੋਬਿੰਦਪੁਰ ਨੇ ਆਖਿਆ ਕਿ ਇਹ ਸਮਾਪਤੀ ਧਰਨੇ ਦੀ ਹੈ ਅੰਦੋਲਨ ਦੀ ਨਹੀ ਉਨ੍ਹਾਂ ਕਿਹਾ ਕਿ ਅੰਦੋਲਨ ਸੜਕ ਦੇ ਪੁਨਰ ਨਿਰਮਾਣ ਤੱਕ ਜਾਰੀ ਰਹੇਗਾ ਅਤੇ ਅਸੀਂ ਅਣਮਿੱਥੇ ਸਮੇਂ ਲਈ ਇਹ ਟੋਲ ਪਰਚੀ ਮੁਕਤ ਕਰਨ ਦਾ ਐਲਾਨ ਕਰਦੇ ਹਾਂ। ਇਸ ਮੌਕੇ ਪਬਲਿਕ ਨੂੰ ਵਿਸ਼ਵਾਸ ਦਿਵਾਉਂਦਿਆਂ ਟੋਲ ਮੈਨੇਜਰ ਰਾਜੀਵ ਸ਼ਰਮਾ ਨੇ ਕਿਹਾ ਕਿ ਉਹ ਜਨਤਾਂ ਦੇ ਭਰੋਸੇ ਨੂੰ ਕਾਇਮ ਰੱਖਣ ਗੇ ਟੋਲ ਪਰਚੀ ਮੁਕਤ ਰਹੇਗਾ। ਇਸ ਮੌਕੇ ਨਰਿੰਦਰ ਸਿੰਘ ਬਾਜਵਾ ਕੋਰ ਕਮੇਟੀ ਮੈਂਬਰ ਪੰਜਾਬ, ਲਖਵੀਰ ਸਿੰਘ ਗੋਬਿੰਦਪੁਰ ਜ਼ਿਲਾਂ ਪ੍ਰਧਾਨ, ਸੋਢੀ ਸਿੰਘ ਜ਼ਿਲ੍ਹਾ ਮੀਤ ਪ੍ਰਧਾਨ ਜਲੰਧਰ, ਹਰਜਿੰਦਰ ਸਿੰਘ ਚੰਦੀ ਸੂਬਾ ਪ੍ਰੈੱਸ ਸਕੱਤਰ, ਤਜਿੰਦਰ ਸਿੰਘ ਸਿੱਧੂ ਕਿਸਾਨ ਆਗੂ, ਗੁਰਦੀਪ ਸਿੰਘ ਤਹਿਸੀਲ ਪ੍ਰਧਾਨ ਨਕੋਦਰ, ਮਹਿੰਦਰ ਪਾਲ ਸਿੰਘ ਤਹਿਸੀਲ ਪ੍ਰਧਾਨ ਨੂਰਮਹਿਲ, ਰਣਜੀਤ ਸਿੰਘ ਕੌਹਾੜ, ਬਲਾਕ ਯੂਥ ਪ੍ਰਧਾਨ ਸਤਬੀਰ ਸਿੰਘ, ਸੁਖਬੀਰ ਸਿੰਘ, ਦਵਿੰਦਰ ਸਿੰਘ ਹੁੰਦਲ, ਬਲਵੰਤ ਸਿੰਘ ਖਜਾਨਚੀ, ਅਸ਼ੋਕ ਕੁਮਾਰ, ਇਕਬਾਲ ਸਿੰਘ ਲੋਹਗੜ੍ਹ, ਪਾਲ ਸਿੰਘ ਬੀਟਲਾ, ਦਵਿੰਦਰ ਸਿੰਘ ਗੋਪੀ, ਕੁਲਵੰਤ ਸਿੰਘ, ਜਗਮੋਹਨ ਸਿੰਘ, ਸੁਰਜੀਤ ਸਿੰਘ, ਸਤਨਾਮ ਸਿੰਘ ਬੀਟਲਾ, ਬਲਵੰਤ ਸਿੰਘ, ਮਹਿੰਦਰ ਸਿੰਘ ਬਲਾਕ ਪ੍ਰਧਾਨ, ਡਾਕਟਰ ਸਿੱਕੀ, ਗੁਰਬਚਨ ਸਿੰਘ ਸਰਪੰਚ, ਨਗਿੰਦਰ ਸਿੰਘ, ਲਾਡੀ ਲਹੋਰੀਆ, ਗੁਰਮੁਖ ਸਿੰਘ, ਸ਼ਿੰਗਾਰਾ ਸਿੰਘ, ਇੰਦਰ ਸਿੰਘ ਪਰਜੀਆ, ਕਿਹਰ ਸਿੰਘ, ਸੁਖਵਿੰਦਰ ਸਿੰਘ ਪਰਜੀਆ, ਕਾਕਾ ਆਦਰਮਾਨ, ਪਰਮਜੀਤ ਕੰਗਣ ਵਾਲਾ, ਸਤਨਾਮ ਸਿੰਘ ਮਹਿਤਪੁਰ, ਸੰਤੋਖ ਸਿੰਘ ਰਾਜਸਥਾਨੀ, ਭਜਨ ਸਿੰਘ, ਗੁਰਜੀਤ ਸਿੰਘ, ਜਸਪਾਲ ਸਿੰਘ ਸੰਗੋਵਾਲ, ਹਰਜਿੰਦਰ ਨੰਡਾ, ਸੋਨੀ ਖਿੰਡਾਂ, ਸੇਵਾ ਸਿੰਘ, ਪੂਰਨ ਸਿੰਘ, ਰਾਜਵਿੰਦਰ ਸਿੰਘ ਅਤੇ ਸਮੂਹ ਇਲਾਕਾ ਨਿਵਾਸੀ ਹਾਜ਼ਰ ਸਨ।

# ਬਾਬਾ ਫ਼ਰੀਦ ਆਗਮਨ ਪੂਰਬ ਨੂੰ ਸਮਰਪਿਤ

## ਐਚ ਪੀ ਮਾਡਲ ਸਕੂਲ ਸੰਗੋਵਾਲ ਵਿਖੇ ਪੰਜਾਬੀ ਦਿਵਸ ਮਨਾਇਆ ਗਿਆ

**ਮਹਿਤਪੁਰ (ਹਰਜਿੰਦਰ ਸਿੰਘ ਚੰਦੀ)** – ਆਪਣਾ ਪੰਜਾਬ ਫਾਊਂਡੇਸ਼ਨ ਅਤੇ ਫੈਡਰੇਸ਼ਨ ਆਫ ਪ੍ਰਾਈਵੇਟ ਸਕੂਲ ਐਂਡ ਅਸੋਸੀਏਸ਼ਨ ਆਪ ਪੰਜਾਬ ਦੇ ਸੱਦੇ ਇਲਾਕੇ ਦੇ ਨਾਮਵਰ ਸਕੂਲ ਐ ਚ . ਪੀ . ਮ ਾ ਡ ਲ ਸੀਨੀਅਰ ਸੈਕੈਂਡਰੀ ਸਕੂਲ ਸੰਗੋਵਾਲ ਵੱਲੋਂ ਬਾਬਾ ਫਰੀਦ ਜੀ ਦੇ ਜਨਮ ਦਿਹਾੜੇ ਨੂੰ ਸਮਰਪਿਤ ਵਿਸ਼ਵ ਪੰਜਾਬੀ ਦਿਵਸ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ। ਸਕੂਲ ਪ੍ਰੈਜੀਡੈਂਟ ਹਰਪ੍ਰੀਤ ਸਿੰਘ ਅਤੇ ਪ੍ਰਿੰਸੀਪਲ ਮੈਡਮ ਸੰਦੀਪ ਕੌਰ ਨੇ ਪ੍ਰੈਸ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਸਕੂਲ ਦਾ ਸਮੂਹ ਸਟਾਫ ਅਤੇ ਵਿਦਿਆਰਥੀ ਪੰਜਾਬੀ ਪਹਿਰਾਵੇ ਵਿੱਚ ਸਕੂਲ ਆਏ ਅਤੇ ਸਾਰੇ ਵਿਦਿਆਰਥੀਆਂ ਨੇ ਇੱਕ ਪੰਨਾ ਗੁਰਮੁਖੀ ਲਿਪੀ ਦਾ ਸੁੰਦਰ ਲਿਖਾਈ ਵਿੱਚ ਲਿਖਿਆ । ਇਸੇ ਤਰ੍ਹਾਂ ਛੇਵੀਂ ਤੋਂ ਬਾਰਵੀਂ ਕਲਾਸ ਦੇ ਵਿਦਿਆਰਥੀਆਂ ਨੇ ਕਵਿਤਾ ਉਚਾਰਨ, ਨਿਬੰਧ ਲੇਖਣ, ਕਹਾਣੀ ਰਚਨਾ, ਭਾਸਣ ਮੁਕਾਬਲਾ ਅਤੇ ਪੰਜਾਬੀ ਭਾਸ਼ਾ ਵਿੱਚ ਅੱਖਰਕਾਰੀ ਮੁਕਾਬਲੇ ਵਿੱਚ ਹਿੱਸਾ ਲਿਆ। ਇਸ ਤੋਂ ਇਲਾਵਾ ਪਹਿਲੀ ਤੋਂ ਪੰਜਵੀਂ ਕਲਾਸ ਦੇ ਵਿਦਿਆਰਥੀਆਂ ਨੇ ਸ਼ਬਦ ਜੋੜ ਮੁਕਾਬਲਾ, ਬੋਲ ਲਿਖਤ, ਸਵਾਲ ਜਵਾਬ ਮੁਕਾ–



ਬਲਾ ਅਤੇ ਅੰਗਰੇਜ਼ੀ ਤੋਂ ਪੰਜਾਬੀ ਅਨੁਵਾਦ ਮੁਕਾਬਲੇ ਵਿੱਚ ਹਿੱਸਾ ਲਿਆ ਤੇ ਵਾਹ ਵਾਹ ਖੱਟੀ। ਸਕੂਲ ਮਨੈਜਮੈਟ ਵੱਲੋਂ ਵਧੇਰੇ ਜਾਣਕਾਰੀ ਦਿੰਦੇ ਦੱਸਿਆ ਕਿ ਮਾਣਯੋਗ ਡਾ: ਜਗਜੀਤ ਸਿੰਘ ਧੂਰੀ ਦੀ ਅਗਵਾਈ ਹੇਠ ਆਪਣਾ ਪੰਜਾਬ ਫਾਊਂਡੇਸ਼ਨ ਵੱਲੋਂ ਵਿਸ਼ੇਸ਼ ਨਿਵੇਕਲਾ ਉਪਰਾਲਾ ਕੀਤਾ ਗਿਆ ਹੈ ਜਿਸ ਤਹਿਤ ਪੰਜਾਬੀ ਬੋਲੀ ਨੂੰ ਇਹ ਹੱਕ ਦੇਣ ਲਈ ਆਪਣਾ ਪੰਜਾਬ ਫਾਊਂਡੇਸ਼ਨ ਵੱਲੋਂ ਬਾਬਾ ਫਰੀਦ ਜੀ ਦੇਆਗਮਨ ਦਿਵਸ ਨੂੰ ਸਮਰਪਿਤ ਹਰ ਸਾਲ 23 ਸਤੰਬਰ ਨੂੰ ਵਿਸ਼ਵ ਪੰਜਾਬੀ ਦਿਵਸ ਮਨਾਉਣ ਦਾ ਫੈਸਲਾ ਲਿਆ ਗਿਆ ਹੈ। ਜਿਸ ਤਹਿਤ ਪੰਜਾਬ ਦੀਆਂ ਸਮੂਹ ਸਿੱਖਿਅਕ ਸੰਸਥਾਵਾਂ ਸਕੂਲ ਅਤੇ ਕਾਲਜ ਹਰ ਸਾਲ 23 ਸਤੰਬਰ ਨੂੰ ਵਿਸ਼ਵ ਪੰਜਾਬੀ ਦਿਵਸ ਵਜੋਂ ਮਨਾਇਆ ਕਰਨਗੀਆਂ।

# ਐਨਐੱਸਐੱਸ ਦਿਵਸ ਅਤੇ ਸ਼ਹੀਦ ਭਗਤ ਸਿੰਘ ਜੀ ਦੇ ਜਨਮ ਦਿਵਸ ਮੌਕੇ ਪੋਸਟਰ ਮੇਕਿੰਗ ਮੁਕਾਬਲਾ ਕਰਵਾਇਆ






**ਬਲਾਚੌਰ, – (ਜਤਿੰਦਰ ਪਾਲ ਸਿੰਘ ਕਲੇਰ )** ਪੀ.ਏ.ਯੂ-ਖੇਤੀਬਾੜੀ ਕਾਲਜ, ਬੱਲੋਵਾਲ ਸੱਖੜੀ ਦੀ ਐਨਐੱਸਐੱਸ ਯੂਨਿਟ ਵੱਲੋਂ ਐਨਐੱਸਐੱਸ ਦਿਵਸ ਅਤੇ ਸ਼ਹੀਦ-ਏ-ਆਜਮ ਸ਼ਹੀਦ ਭਗਤ ਸਿੰਘ ਜੀ ਦੀ ਜਨਮ ਦਿਵਸ ਨੂੰ ਸਮਰਪਿਤ ਇੱਕ ਪੋਸਟਰ ਮੇਕਿੰਗ ਮੁਕਾ-ਬਲੇ ਦਾ ਆਯੋਜਨ ਕੀਤਾ ਗਿਆ । ਇਸ ਮੁਕਾਬਲੇ ਵਿੱਚ ਵਿਦਿਆਰਥੀਆਂ ਨੇ ਭਾਰਤੀ ਆਜ਼ਾਦੀ ਸੰਘਰਸ਼ ਅਤੇ ਦੇਸ਼ ਭਗਤੀ ਦੇ ਵਿਸ਼ਿਆਂ 'ਤੇ ਆਪਣੀ ਕਲਾ ਰਾਹੀਂ ਸ਼ਾਨਦਾਰ ਪੋਸਟਰ ਤਿਆਰ ਕੀਤੇ। ਵਿਦਿਆਰਥੀਆਂ ਵਿੱਚ ਕਾਫੀ ਉਤਸ਼ਾਹ ਅਤੇ ਦੇਸ਼ ਭਗਤੀ ਦੀ ਭਾਵਨਾ ਦੇਖਣ ਨੂੰ ਮਿਲੀ।

ਇਸ ਮੌਕੇ ਡਾ. ਮਨਮੋਹਨਜੀਤ ਸਿੰਘ, ਡੀਨ, ਖੇਤੀਬਾੜੀ ਕਾਲਜ ਨੇ ਕਿਹਾ ਕਿ ਸ਼ਹੀਦ ਭਗਤ ਸਿੰਘ ਵਰਗੇ ਨੌਜਵਾਨਾਂ ਨੇ ਦੇਸ਼ ਲਈ ਆਪਣੀ ਜ਼ਿੰਦਗੀ ਕੁਰਬਾਨ ਕਰ ਦਿੱਤੀ ਅਤੇ ਅਸੀਂ ਆਪਣੇ ਵਿਦਿਆਰਥੀਆਂ ਵਿੱਚ ਵੀ ਇਹੀ ਜਜ਼ਬਾ ਉਤਸ਼ਾਹਿਤ ਕਰਨਾ ਚਾਹੁੰਦੇ ਹਾਂ। ਐਨਐੱਸਐੱਸ ਦੇ ਰਾਹੀਂ ਸਮਾਜ ਸੇਵਾ ਅਤੇ ਦੇਸ਼ ਭਗਤੀ ਦੇ ਮੂਲ ਮੰਤਵਾਂ ਨੂੰ ਅੱਗੇ ਲੈ ਕੇ ਜਾਣ ਦੀ ਲੋੜ ਹੈ।

ਡਾ. ਬੀ.ਐਸ. ਭੋਪਲੇ, ਐਨਐੱਸਐੱਸ ਪ੍ਰੋਗਰਾਮ ਅਫਸਰ ਨੇ ਕਿਹਾ ਵਿਦਿਆਰਥੀਆਂ ਵੱਲੋਂ ਪੋਸਟਰਾਂ ਰਾਹੀਂ ਦਿੱਤੇ ਗਏ ਸੰਦੇਸ਼ ਕਾਬਿਲ-ਏ-ਤਾਰੀਫ ਹਨ। ਸ਼ਹੀਦ ਭਗਤ ਸਿੰਘ ਜੀ ਦੇ ਵਿਚਾਰ ਅੱਜ ਵੀ ਨੌਜਵਾਨੀ ਲਈ ਰਾਹਦਾਰੀ ਹਨ।

ਡਾ. ਸਰਵਣ ਕੁਮਾਰ, ਕੋਆਰਡੀਨੇਟਰ ਨੇ ਆਪਣੇ ਸੰਦੇਸ਼ ਵਿਚ ਕਿਹਾ ਇਸ ਤਰ੍ਹਾਂ ਦੇ ਸਮਾਗਮ ਵਿਦਿਆਰਥੀਆਂ ਨੂੰ ਆਪਣੀ ਸਾਂਝੀ ਵਿਰਾਸਤ ਨਾਲ ਜੋੜਦੇ ਹਨ। ਭਵਿੱਖ ਵਿੱਚ ਵੀ ਐਨਐੱਸਐੱਸ ਯੂਨਿਟ ਵੱਲੋਂ ਹੋਰ ਸਮਾਜਿਕ ਕਾਰਜ ਕਰਵਾਏ ਜਾਣਗੇ। ਇਸ ਮੌਕੇ ਡਾ. ਮਨਜੀਤ ਕੌਰ ਵੀ ਵਿਸ਼ੇਸ਼ ਤੌਰ 'ਤੇ ਮੌਜੂਦ ਸਨ।

# ਸਵੱਛਤਾ ਹੀ ਸੇਵਾ ਮੁਹਿੰਮ ਤਹਿਤ ਵਿਦਿਆਰਥੀਆਂ ਨੂੰ ਸਵੱਛਤਾ ਸਹੁੰ ਚੁਕਾਈ





**ਬਲਾਚੌਰ, (ਜਤਿੰਦਰ ਪਾਲ ਸਿੰਘ ਕਲੇਰ)** ਭਾਰਤ ਸਰਕਾਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਨਗਰ ਕੌਂਸਲ ਦੇ ਪ੍ਰਧਾਨ ਸੁਨੀਲ ਕੋਸ਼ਲ ਤੇ ਕਾਰਜ ਸਾਧਕ ਅਫਸਰ ਸਿਮਰਨ ਢੀਂਡਸਾ ਦੀ ਅਗਵਾਈ ਹੇਠ ਸਵੱਛਤਾ ਹੀ ਸੇਵਾ ਮੁਹਿੰਮ ਤਹਿਤ ਵਿਦਿਆਰਥੀਆਂ ਨੂੰ ਸੋਲਿਡ ਵੇਸਟ ਮੈਨੇਜਮੈਂਟ ਸੰਬੰਧੀ ਜਾਗਰੂਕ ਕੀਤਾ ਗਿਆ ਅਤੇ ਸਵੱਛ ਭਾਰਤ ਟੀਮ ਵੱਲੋਂ ਸਰਕਾਰੀ ਪ੍ਰਾਇਮਰੀ ਸਕੂਲਾਂ, ਬੀ ਏ ਵੀ ਸੀਨੀਅਰ ਸੈਕੰਡਰੀ ਸਕੂਲ ਵਿੱਚ ਜਾ ਕੇ ਵਿਦਿਆਰਥੀਆਂ ਨੂੰ ਸਵੱਛਤਾ ਸਹੁੰ ਚੁਕਾਈ ਗਈ । ਸੈਨੇਟਰੀ ਇੰਸਪੈਕਟਰ ਭਾਰਤ ਭੂਸ਼ਨ ਦੇ ਸਹਿਯੋਗ ਨਾਲ ਸੀ ਐਫ਼ ਮਨਿੰਦਰ ਕੌਰ ਵਲੋਂ ਵਿਦਿਆਰਥੀਆਂ ਨੂੰ ਸੋਲਿਡ ਵੇਸਟ ਮੈਨੇਜਮੈਂਟ ਸੰਬੰਧੀ ਜਾਣਕਾਰੀ ਦਿੰਦਿਆਂ ਘਰਾਂ ਦੇ ਗਿੱਲੇ ਤੇ ਸੁੱਕੇ ਕੂੜੇ ਨੂੰ ਅਲੱਗ ਅਲੱਗ ਰੱਖਣ, ਜ਼ਿਆਦਾ ਰੁੱਖ ਲਗਾਉਣ, ਪਲਾਸਟਿਕ ਤੇ ਸਿੰਗਲ ਯੂਜ ਪਲਾਸਟਿਕ ਦੇ ਬੁਰੇ ਨਤੀਜਿਆਂ ਬਾਰੇ ਦੱਸਿਆ ਗਿਆ। ਨਾਲ ਹੀ ਉਨ੍ਹਾਂ ਨੂੰ ਪਲਾਸਟਿਕ ਦੇ ਬਦਲ ਜਿਵੇਂ ਕਿ ਪੇਪਰ ਪਲੇਟਾਂ, ਗਿਲਾਸਾਂ ਆਦਿ ਦੀ ਵਰਤੋਂ ਕਰਨ ਲਈ ਜਾਗਰੂਕ ਕੀਤਾ ਗਿਆ। ਇਸ ਸਵੱਛਤਾ ਸਹੁੰ ਸਮਾਗਮ ਦੌਰਾਨ ਪ੍ਰਿੰਸੀਪਲ ਜਸਵਿੰਦਰ ਚੌਧਰੀ, ਪ੍ਰਿੰਸੀਪਲ ਤਰਲੋਚਨ ਸਿੰਘ, ਪ੍ਰਿੰਸੀਪਲ ਚੰਦਰੇਸ਼ ਸ਼ੋਰੀ ਤੇ ਸਟਾਫ ਮੈਂਬਰ ਮੋਜੂਦ ਸਨ।

# ਕਾਠਗੜ੍ਹ ਤੋਂ ਮਾਲੇਵਾਲ ਮਾਰਗ 'ਤੇ ਬਣਾਏ ਗਏ ਕੰਕਰੀਟ ਦੇ ਟੋਟੇ ਉੱਤੇ ਆ ਰਹੇ ਗੰਦੇ ਪਾਣੀ ਤੋਂ ਲੋਕ ਪਰੇਸ਼ਾਨ

**● 56 ਲੱਖ ਰੁਪਏ ਖਰਚ ਕੇ ਵੀ ਪਾਣੀ ਦੀ ਸਮੱਸਿਆ ਦਾ ਨਾ ਹੋਇਆ ਹੱਲ ● ਦੀਵੇ ਥੱਲੇ ਹਮੇਸ਼ਾਂ ਹੀ ਹਨੇਰਾ ਹੁੰਦਾ ਹੈ ਸਹੀ ਕਹਾਵਤ ਢੁੱਕਦੀ ਹੈ**

**ਨਵਾਂਸ਼ਹਿਰ /ਕਾਠਗੜ੍ਹ (ਜਤਿੰਦਰ ਪਾਲ ਸਿੰਘ ਕਲੇਰ )** ਕਾਂਗਰਸ ਸਰਕਾਰ ਦੇ ਕਾਰਜਕਾਲ ਸਮੇਂ ਕਾਠਗੜ੍ਹ ਤੋਂ ਡੇਰਾ ਬੋੜੀ ਸਾਹਿਬ ਲਈ 3.60 ਕਰੋੜ ਰੁਪਏ ਨਾਲ 18 ਫੁੱਟ ਚੌੜੀ ਸੜਕ ਬਣਾਈ ਗਈ ਸੀ। ਪਰ ਜਲਦੀ ਹੀ ਇਸ ਸੜਕ ਦੀ ਹਾਲਤ ਖਸਤਾ ਹੋ ਗਈ ਸੀ ਲੇਕਿਨ ਕਾਠਗੜ੍ਹ ਟੈਲੀਫੋਨਕ ਚੇਂਜ ਤੋਂ ਲੈ ਕੇ ਰਾਧਾ ਸੁਆਮੀ ਸਤਿਸੰਗ ਘਰ ਬਿਆਸ ਤੱਕ ਦਾ ਟੋਟਾ ਬਰਸਾਤੀ ਅਤੇ ਘਰਾਂ ਦੇ ਗੰਦੇ ਪਾਣੀ ਕਾਰਨ ਨਰਕ ਬਣਿਆ ਰਹਿੰਦਾ ਸੀ ਜਿਸ ਨਾਲ ਲੋਕਾਂ ਨੂੰ ਆਪਣੀ ਮੰਜ਼ਿਲ ਤੇ ਜਾਣ ਭਾਰੀ ਪਰੇਸ਼ਾਨੀਆਂ ਦਾ ਸਾਹ-ਮਣਾ ਕਰਨਾ ਪੈਂਦਾ ਸੀ ਕਿਉਂਕਿ ਸਤਿਸੰਗ ਘਰ ਦੇ ਨਜ਼ਦੀਕ ਚਾਰ ਕੁ ਰਿਹਾਇਸ਼ੀ ਘਰਾਂ ਦੇ ਗੰਦੇ ਪਾਣੀ ਲਈ ਮੰਡੀ ਬੋਰਡ ਦੇ ਵਲੋਂ ਨੇ ਅੰਡਰ ਗਰਾਊਂਡ ਪਾਈਪਾਂ ਵਾਲਾ ਨਿਕਾਸੀ ਨਾਲਾ ਬਣਾਇਆ ਸੀ ਉਹ ਜਦੋਂ ਬੰਦ ਹੋ ਜਾਂਦਾ ਸੀ ਤਾਂ ਸਾਰੇ ਘਰਾਂ ਦਾ ਗੰਦਾ ਪਾਣੀ ਮਾਰਗ ਉੱਤੇ ਆਉਂਦਾ ਰਹਿੰਦਾ ਸੀ। ਸੜਕ ਦੀ ਇਸ ਨਰਕਮਈ ਹਾਲਤ ਦੀਆਂ ਖਬਰਾਂ ਅਕਸਰ ਹੀ ਪ੍ਰਕਾਸ਼ਿਤ ਹੁੰਦੀਆਂ ਰਹਿੰਦੀਆਂ ਸਨ।

ਮੌਜੂਦਾ ਸਰਕਾਰ ਨੇ 1500 ਦੇ ਕਰੀਬ ਅਤੇ 18 ਫੁੱਟ ਚੌੜੀ ਸੜਕ ਦੇ ਇਸ ਖਸਤਾ ਹਾਲ ਟੋਟੇ ਨੂੰ ਕੰਕਰੀਟ ਦੀ ਬਣਾਉਣ ਲਈ ਕਰੀਬ 56 ਲੱਖ ਰੁਪਏ ਮਨਜ਼ੂਰ ਕਰ ਦਿੱਤੇ ਅਤੇ 6-7 ਮਹੀਨੇ ਪਹਿਲਾਂ ਮੰਡੀ ਬੋਰਡ ਵਿਭਾਗ ਵਲੋਂ ਇਸ ਸੜਕ ਨੂੰ ਕੰਕਰੀਟ ਦੀ ਬਣਾਉਣੀ ਸ਼ੁਰੂ ਕਰ ਦਿੱਤਾ ਜਿਸ ਦਾ ਕੰਮ ਕੱਛੂ ਦੀ ਚਾਲ





ਵਾਗੂੰ ਹੋਲੀ ਹੋਲੀ ਲੰਬਾ ਸਮਾਂ ਚਲਦਾ ਰਿਹਾ। ਸਲੈਬ ਦੀ ਮੋਟਾਈ ਦੇਖ ਕੇ ਇੰਝ ਲੱਗਦਾ ਸੀ ਜਿਵੇਂ ਇਸ ਤੋਂ ਜਿੰਨੇ ਵੱਡੇ ਮਰਜ਼ੀ ਵਾਹਨ ਲੰਘ ਜਾਣ ਸੜਕ ਦਾ ਕੁੱਝ ਨਹੀਂ ਵਿਗੜ ਸਕਦਾ ਪ੍ਰੰਤੂ ਬੜੀ ਹੈਰਾਨੀ ਦੀ ਗੱਲ ਹੈ ਕਿ ਇਸ ਸੜਕ ਵਿੱਚ ਬਣੀਆਂ ਸਲੈਬਾਂ ਵਿੱਚੋਂ ਕਈਆਂ 'ਚ ਤਰੇੜਾਂ ਵੀ ਪੈ ਚੁੱਕੀਆਂ ਹਨ ਅਤੇ ਵਿਚਕਾਰ ਜੋ ਇੰਟਰਲੋਕ ਟਾਈਲਾਂ ਲਗਾਈਆਂ ਗਈਆਂ ਹਨ ਉਹ ਵੀ ਲੈਵਲ ਵਿੱਚ ਨਹੀਂ ਲਾਈਆਂ ਗਈਆਂ। ਘਰਾਂ ਦੇ ਗੰਦੇ ਪਾਣੀ ਦੇ ਨਿਕਾਸ ਦਾ ਕੰਮ ਉਸੇ ਪਹਿਲੇ ਬਣੇ ਨਿਕਾਸੀ ਨਾਲੇ ਨਾਲ ਚਲਾ ਦਿੱਤਾ ਗਿਆ। ਹੁਣ ਅੰਡਰਗਰਾਊਂਡ ਨਿਕਾਸੀ ਨਾਲਾ ਪੂਰੀ ਤਰ੍ਹਾਂ ਬੰਦ ਪਿਆ ਹੈ ਤੇ ਘਰਾਂ ਦਾ ਸਾਰਾ ਗੰਦਾ ਪਾਣੀ ਮਾਰਗ ਉੱਤੇ ਆ ਰਿਹਾ ਹੈ ਜਿਸ ਕਾਰਨ ਪੈਦਲ ਅਤੇ ਸੈਰ ਨੂੰ ਜਾਣ ਵਾਲੇ ਰਾਹਗੀਰ ਬਹੁਤ ਪਰੇਸ਼ਾਨ ਹਨ। ਇਸ ਮਾਰਗ ਨੂੰ ਬਣਾਉਣ ਵਾਲੇ ਵਿਭਾਗ ਵਲੋਂ ਇੱਕ ਵਾਰ ਵੀ ਮੌਕਾ ਨਹੀਂ ਦੇਖਿਆ ਗਿਆ। ਲੋਕਾਂ ਦਾ ਕਹਿਣਾ ਹੈ ਕਿ ਇਸ ਸੜਕ 'ਤੇ ਇੰਨੀ ਵੱਡੀ ਮਾਤਰਾ ਵਿੱਚ ਪੈਸੇ ਖਰਚੇ ਜਾਣ ਦੇ ਬਾਵਜੂਦ ਵੀ ਸਮੱਸਿਆ ਦਾ ਹੱਲ ਨਹੀਂ ਹੋ ਸਕਿਆ ਅਤੇ ਸਥਿਤੀ ਨਰਕਮਈ ਬਣੀ ਹੋਈ ਹੈ। ਇਸ ਮਾਰਗ ਦੇ ਨਾਲ ਜਿੱਥੇ ਕਈ ਪਿੰਡ ਜੁੜਦੇ ਹਨ ਉਥੇ ਹੀ ਪੈਂਦੇ ਵੱਖ-ਵੱਖ ਧਾਰਮਿਕ ਸਥਾਨਾਂ ਲਈ ਵੱਡੀ ਗਿਣਤੀ ਵਿੱਚ ਸੰਗਤਾਂ ਦਾ ਆਉਣਾ-ਜਾਣਾ ਵੀ ਬਣਿਆ ਰਹਿੰਦਾ ਹੈ।ਹਲਕੇ ਦੇ ਲੋਕਾਂ ਨੇ ਸੰਬੰਧਿਤ ਵਿਭਾਗ ਤੋਂ ਮੰਗ ਕੀਤੀ ਹੈ ਕਿ ਸੜਕ ਉੱਤੇ ਆ ਰਹੇ ਘਰਾਂ ਦੇ ਗੰਦੇ ਪਾਣੀ ਦਾ ਜਲਦੀ ਤੋਂ ਜਲਦੀ ਪੱਕਾ ਹੱਲ ਕੀਤਾ ਜਾਵੇ ਤਾਂ ਜੋ ਲੋਕਾਂ ਨੂੰ ਗੰਦਗੀ ਭਰੇ ਮਾਹੌਲ ਤੋਂ ਨਿਜਾਤ ਮਿਲ ਸਕੇ ਅਤੇ ਪੈਦਲ ਚੱਲਣ ਵਾਲੇ ਤੇ ਧਾਰਮਿਕ ਸਥਾਨਾਂ ਨੂੰ ਆਉਣ ਜਾਣ ਵਾਲੇ ਲੋਕਾਂ ਨੂੰ ਪ੍ਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ ।

# ਪੀ.ਏ.ਯੂ. ਲੁਧਿਆਣੇ ਦਾ ਕਿਸਾਨ ਮੇਲਾ ਅੱਜ ਤੋਂ

## ਇਸ ਮੌਕੇ ਕਣਕ ਦੀਆਂ ਨਵੀਆਂ ਕਿਸਮਾਂ ਦੀ ਜਾਣਕਾਰੀ ਦਿੱਤੀ ਜਾਵੇਗੀ: ਬਰਾੜ

**ਲੁਧਿਆਣਾ (ਕਰਨੈਲ ਸਿੰਘ ਐੱਮ.ਏ.)** ਕਿਸਾਨ ਮੇਲੇ ਕਿਸਾਨਾਂ ਤੱਕ ਖੇਤੀ ਗਿਆਨ- ਵਿਗਿਆਨ ਅਤੇ ਸ਼ੁੱਧ ਬੀਜ ਪਹੁੰਚਾਉਣ ਲਈ ਇੱਕ ਵਧੀਆ ਜ਼ਰੀਆ ਹਨ ਇਹਨਾਂ ਮੇਲਿਆਂ ਰਾਹੀਂ ਕਿਸਾਨਾਂ ਦੀ ਰਾਏ ਤੇ ਪਿਛਲੀ ਖੋਜ ਦਾ ਮੁਲਅੰਕਣ ਵੀ ਹੁੰਦਾ ਹੈ ਅਤੇ ਵਿਗਿਆਨੀਆਂ ਨੂੰ ਸੋਧ ਮਿਲਦੀ ਹੈ ਤੇ ਨਵੀਆਂ ਖੇਤੀ ਤਕਨੀਕਾਂ ਵਿਧੀਆਂ ਦਾ ਪ੍ਰਦਰਸ਼ਨ ਵੀ ਇਹਨਾਂ ਮੇਲਿਆਂ ਦੌਰਾਨ ਹੀ ਕੀਤਾ ਜਾਂਦਾ ਹੈ । ਇਸੇ ਮਕਸਦ ਨੂੰ ਲੈ ਕੇ ਪੀ.ਏ.ਯੂ. ਲੁਧਿਆਣਾ ਵਿਖੇ ਦੋ ਰੋਜ਼ਾ ਕਿਸਾਨ ਮੇਲਾ 26 ਅਤੇ 27 ਸਤੰਬਰ ਨੂੰ ਲੱਗ ਰਿਹਾ ਹੈ । ਹਾੜੀ ਦੇ ਮੌਸਮ ਦੌਰਾਨ ਪੰਜਾਬ ਵਿੱਚ ਕਣਕ ਅਨਾਜ ਦੀ ਮੁੱਖ ਫਸਲ ਹੈ ਇਸ ਦੀ ਬਿਜਾਈ ਝੋਨੇ ਤੋਂ ਬਾਅਦ ਵੱਡੇ ਪੱਧਰ ਤੇ ਕੀਤੀ ਜਾਂਦੀ ਹੈ ਕਣਕ ਸਰਦੀ ਰੁੱਤ ਦੀ ਫਸਲ ਹੈ । ਸ਼ੁਰੂ ਵਿੱਚ ਕਣਕ ਨੂੰ ਠੰਡ ਦੀ ਲੋੜ ਹੁੰਦੀ ਹੈ । ਕਣਕ ਦੀ ਫਸਲ ਕਲਰ ਅਤੇ ਸੇਮ ਵਾਲੀਆਂ ਜ਼ਮੀਨਾਂ ਤੋਂ ਬਿਨਾਂ ਕਣਕ ਸਾਰੀਆਂ ਜਮੀਨ ਵਿੱਚ ਪੈਦਾ ਕੀਤੀ ਜਾ ਸਕਦੀ ਹੈ । ਇਹ



ਪ੍ਰਗਟਾਵਾ ਫਿਰੋਜ਼ਪੁਰ ਰੋਡ ਸਥਿਤ ਬਰਾੜ ਐਗਰੀਕਲਚਰ ਫਾਰਮ ਦੇ ਐਮ.ਡੀ. ਹਰਵਿੰਦਰ ਸਿੰਘ ਬਰਾੜ ਨੇ ਕੀਤਾ । ਉਹਨਾਂ ਦੱਸਿਆ ਕਿ ਇਸ ਮੇਲੇ ਵਿੱਚ ਕਣਕ ਦੀਆਂ ਨਵੀਆਂ ਕਿਸਮਾਂ ਦੀ ਜਾਣਕਾਰੀ ਦਿੱਤੀ ਜਾਵੇਗੀ ਜਿਨਾਂ ਵਿੱਚੋਂ ਮੁੱਖ ਤੌਰ ਤੇ ਆਈ ਏ ਆਰ ਆਈ ਦਿੱਲੀ ਵੱਲੋਂ ਪਾਸ ਕਣਕ ਦੀ ਨਵੀਂ ਕਿਸਮ ਐਚਡੀ 3386 ਹੈ । ਇਸ ਦੀ ਬਿਜਾਈ ਦਾ ਸਮਾਂ 25 ਅਕਤੂਬਰ ਤੋਂ ਲੈ ਕੇ 31 ਦਸੰਬਰ ਤੱਕ ਹੈ । ਇਸ ਦਾ ਔਸਤਨ ਕਦ 100 ਸੈਂ.ਮੀ ਤੱਕ ਹੁੰਦਾ ਹੈ । ਇਹ ਕਿਸਮ 140 ਤੋਂ 145 ਦਿਨ ਵਿੱਚ ਪੱਕਦੀ ਹੈ । ਇਸ ਕਿਸਮ ਦਾ ਫੁਟਾਰਾ ਬਹੁਤ ਜ਼ਿਆਦਾ ਹੁੰਦਾ ਹੈ । ਇਹ ਕਿਸਮ ਪੀਲੀ ਕੁੰਗੀ ਤੇ ਭੂਰੀ ਕੁੰਗੀ ਦਾ ਟਾਕਰਾ ਕਰਨ ਦੀ ਸਮਰੱਥਾ ਰੱਖਦੀ ਹੈ । ਇਸ ਕਿਸਮ ਦਾ ਝਾੜ ਹੁਣ ਤੱਕ ਆਈਆਂ ਕਿਸਮਾਂ ਨਾਲੋਂ ਵੱਧ ਨਿਕਲਿਆ ਹੈ । ਇਹ ਕਿਸਮ ਡਿਗਦੀ ਨਹੀਂ ਹੈ । ਇਸ ਦੇ ਦਾਣੇ ਮੋਟੇ ਤੇ ਚਮਕਦਾਰ ਹੁੰਦੇ ਹਨ ਅਤੇ ਇਹ ਪੋਸਟਿਕ ਤੱਤਾਂ ਨਾਲ ਭਰਪੂਰ ਹੈ ਤੇ ਖਾਣ ਲਈ ਬਹੁਤ ਸਵਾਦੀ ਹੁੰਦੀ ਹੈ। ਇਸ ਕਿਸਮ ਨੂੰ ਪੰਜਾਬ, ਹਰਿਆਣਾ, ਯੂ.ਪੀ. ਆਦਿ ਰਾਜਾਂ ਵਿੱਚ ਬੀਜਣ ਦੀ ਸਿਫਾਰਿਸ਼ ਕੀਤੀ ਗਈ ਹੈ। ਉਹਨਾਂ ਨੇ ਦੱਸਿਆ ਕਿ ਇਸ ਤੋਂ ਇਲਾਵਾ ਕਣਕ ਦੀ ਲਾਹੇਵੰਦ ਕਿਸਮ ਪੀ.ਏ.ਯੂ. ਲੁਧਿਆਣਾ ਵੱਲੋਂ ਸਿਫਾਰਿਸ਼ ਕੀਤੀ ਨਵੀਂ ਕਿਸਮ ਪੀ ਬੀ ਡਬਲਿਊ 872 ਹੈ (ਜਾਣਕਾਰੀ ਹਿਤ) ਇਸ ਦਾ ਕੱਦ 100 ਸੈਂ. ਮੀ ਤੱਕ ਹੁੰਦਾ ਹੈ । ਇਹ ਕਿਸਮ ਤਕਰੀਬਨ 152 ਦਿਨਾਂ ਵਿੱਚ ਪੱਕ ਕੇ ਤਿਆਰ ਹੋ ਜਾਂਦੀ ਹੈ ਇਸ ਕਿਸਮ ਦਾ ਝਾੜ 24 ਕੁਇੰਟਲ ਪ੍ਰਤੀ ਏਕੜ ਤੱਕ ਨਿਕਲ ਸਕਦਾ ਹੈ । ਇਹ ਕਿਸਮ ਗਰਮੀ ਦੇ ਤਾਪਮਾਨ ਦਾ ਟਾਕਰਾ ਕਰਨ ਦੀ ਸਮਰੱਥਾ ਰੱਖਦੀ ਹੈ। ਇਹ ਕਿਸਮ ਭੂਰੀ ਤੇ ਪੀਲੀ ਕੁੰਗੀ ਦਾ ਟਾਕਰਾ ਕਰ ਸਕਦੀ ਹੈ। ਇਸ ਦਾ ਨਾੜ ਮੋਟਾ ਹੋਣ ਕਰਕੇ ਇਹ ਕਿਸਮ ਡਿੱਗਦੀ ਨਹੀਂ ਇਸ ਕਿਸਮ ਦੇ ਦਾਣੇ ਚਮਕੀਲੇ ਅਤੇ ਮੋਟੇ ਹੁੰਦੇ ਹਨ ਇਹ ਕਿਸਮ ਅਗੇਤੀ ਅਤੇ ਪਿਛੇਤੀ ਕਿਸਮ ਹੈ ਇਸ ਦੀ ਬਿਜਾਈ 25 ਅਕਤੂਬਰ ਤੋਂ ਲੈ ਕੇ 31 ਦਸੰਬਰ ਤੱਕ ਕੀਤੀ ਜਾ ਸਕਦੀ ਹੈ।

ਉਹਨਾਂ ਦੱਸਿਆ ਕਿ ਇਸ ਤੋਂ ਇਲਾਵਾ ਕਣਕ ਦੀਆਂ ਹੋਰ ਕਿਸਮਾਂ ਡੀ ਬੀ ਡਬਲਊ 327, ਡੀ ਬੀ ਡਬਲਊ 371, 372 , ਡੀ ਬੀ ਡਬਲਊ 222, ਡੀ ਬੀ ਡਬਲਊ 187, ਐਚਡੀ 3086 ਵੀ ਕਿਸਮਾਂ ਵਧੇਰੇ ਲਾਹੇਵੰਦ ਹਨ ਉਹਨਾਂ ਦੱਸਿਆ ਕਿ ਚਾਰੇ ਦੀਆਂ ਕਿਸਮਾਂ ਦੀ ਬਿਜਾਈ ਦਾ ਢੁਕਵਾਂ ਸਮਾਂ ਚੱਲ ਰਿਹਾ ਹੈ ਜਿਨਾਂ ਵਿੱਚੋਂ ਬਰਸੀਮ ਬੀ ਐਲ 10, ਹਾੜ੍ਹ, ਬੀਐਲ 42, ਰਾਈ ਘਾਹ ਨੰਬਰ 1, ਮੱਖਣ ਘਾਹ, ਜਵਾਂ ਕੈਂਟ ਹੋਰ ਕਿਸਮਾਂ ਛੋਲੇ ,ਮਸਰ, ਮਟਰ , ਅਲਸੀ, ਸਰੋਂਆ, ਤੋਰੀਆ, ਰਾਹਿਆ ਸਰੋ, ਗੋਭੀ ਸਰ੍ਹੋਂ ਦੀ ਬਿਜਾਈ ਕਰਕੇ ਕਿਸਾਨ ਭਰਾ ਵਧੇਰੇ ਮੁਨਾਫਾ ਲੈ ਸਕਦੇ ਹਨ।

# ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਪੰਜਾਬ ਰਜਿਸਟ੍ਰੇਸ਼ਨ ਨੰਬਰ 295 ਆਪਣੇ ਮੈਂਬਰਾਂ ਦੀਆਂ ਕਲੀਨਿਕਾਂ ਦੀ ਰਾਖੀ ਲਈ ਬਚਨਬੱਧ:- ਜ਼ਿਲ੍ਹਾ ਪ੍ਰਧਾਨ ਡਾਕਟਰ ਬਲਕਾਰ ਕਟਾਰੀਆ





**ਬੰਗਾ (ਚਰਨਜੀਤ ਸੱਲ੍ਹਾਂ )** ਬਲਾਕ ਬਹਿਰਾਮ ਦੇ ਮੈਂਬਰ ਡਾਕਟਰ ਸ਼ਿਵ ਕੁਮਾਰ ਦੀ ਨਵੀਂ ਸ਼ਿਵ ਹੈਲਥ ਕਲੀਨਿਕ ਦਾ ਉਦਘਾਟਨ ਜ਼ਿਲ੍ਹਾ ਪ੍ਰਧਾਨ ਡਾਕਟਰ ਬਲਕਾਰ ਕਟਾਰੀਆ ਅਤੇ ਬਲਾਕ ਪ੍ਰਧਾਨ ਡਾਕਟਰ ਜਤਿੰਦਰ ਸਹਿਗਲ ਵੱਲੋਂ ਕੀਤਾ ਗਿਆ। ਇਸ ਮੌਕੇ ਡਾਕਟਰ ਬਲਕਾਰ ਕਟਾਰੀਆ ਵੱਲੋਂ ਕਿਹਾ ਗਿਆ ਕਿ ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਪੰਜਾਬ ਰਜਿਸਟ੍ਰੇਸ਼ਨ ਨੰਬਰ 295 ਆਪਣੇ ਹਰ ਇੱਕ ਮੈਂਬਰ ਦੀ ਕਲੀਨਿਕ ਦੀ ਰਾਖੀ ਕਰਨ ਲਈ ਬਚਨਬੱਧ ਹੈ। ਸਾਡੇ ਮੈਂਬਰ ਨਸ਼ਿਆਂ ਤੋਂ ਰਹਿਤ ਅਤੇ ਗ਼ਲਤ ਕੰਮ ਤੋਂ ਰਹਿਤ ਸਾਫ਼ ਸੁਥਰੀ ਪਰੈਕਟਿਸ ਕਰਦੇ ਹਨ ਅਤੇ ਆਮ ਅਤੇ ਗਰੀਬ ਲੋਕਾਂ ਨੂੰ ਸਸਤੀਆਂ ਸਿਹਤ ਸਹੂਲਤਾਂ ਦੇਣ ਦੇ ਨਾਲ ਨਾਲ ਆਪਣੇ ਪਰਿਵਾਰ ਦਾ ਪਾਲਣ ਪੋਸ਼ਣ ਕਰਦੇ ਹਨ। ਇਸ ਦੇ ਨਾਲ ਹੀ ਸਮਾਜ ਭਲਾਈ ਕੰਮਾਂ ਵਿੱਚ ਵੀ ਮੋਹਰੀ ਰੋਲ ਅਦਾ ਕਰਦੇ ਹਨ ਜਿਸ ਦੀ ਤਾਜ਼ਾ ਮਿਸਾਲ ਪਿਛਲੇ ਲਗਭਗ ਇੱਕ ਮਹੀਨੇ ਤੋਂ ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਪੰਜਾਬ ਦੇ ਸੂਬਾ ਪ੍ਰਧਾਨ ਡਾਕਟਰ ਜਸਵਿੰਦਰ ਸਿੰਘ ਕਾਲਖ਼ ਅਤੇ ਸਮੁੱਚੀ ਸੂਬਾ ਕਮੇਟੀ ਦੇ ਦਿਸ਼ਾ ਨਿਰਦੇਸ਼ ਅਨੁਸਾਰ ਹੜ ਪ੍ਰਭਾਵਿਤ ਇਲਾਕਿਆਂ ਵਿੱਚ ਫ਼੍ਰੀ ਮੈਡੀਕਲ ਕੈਂਪ ਲਗਾ ਕੇ ਹੜ ਪੀੜਤਾਂ ਨੂੰ ਫ਼੍ਰੀ ਮੈਡੀਕਲ ਸੇਵਾਵਾਂ ਦੇ ਰਹੇ ਹਨ। ਇਸ ਸਮੇਂ ਬਲਾਕ ਬਹਿਰਾਮ ਦੇ ਸੀਨੀਅਰ ਮੀਤ ਪ੍ਰਧਾਨ ਡਾਕਟਰ ਸਤਨਾਮ ਜੌਹਲ, ਕੈਸ਼ੀਅਰ ਡਾਕਟਰ ਹੁਸਨ ਲਾਲ, ਜਨਰਲ ਸਕੱਤਰ ਡਾਕਟਰ ਅਸ਼ੋਕ ਕੁਮਾਰ ਮੁਕੰਦਪੁਰ, ਡਾਕਟਰ ਰਜਿੰਦਰ ਸੋਂਧੀ, ਪ੍ਰੈਸ ਸਕੱਤਰ ਡਾਕਟਰ ਜਗਦੀਸ਼ ਬੰਗੜ, ਡਾਕਟਰ ਸੰਜੇ ਕਪਿਲ , ਡਾਕਟਰ ਸੁਨੀਤਾ ਰਾਣੀ ਅਤੇ ਡਾਕਟਰ ਰਜਨੀ ਆਦਿ ਹਾਜ਼ਰ ਸਨ।

# ਬਲਾਕ ਔੜ ਬਚਾਓ ਕਮੇਟੀ ਵਲੋਂ ਔੜ ਬਲਾਕ ਨੂੰ ਬਹਾਲ ਕਰਵਾਉਣ ਅਤੇ ਬਲਾਕ ਸੰਮਤੀ ਦੀ ਚੋਣ ਵੀ ਪਹਿਲੇ ਬਲਾਕ ਦੇ ਆਧਾਰ 'ਤੇ ਕਰਵਾਉਣ ਸਬੰਧੀ ਪੰਚਾਇਤ ਸਕੱਤਰ ਪੰਜਾਬ ਨੂੰ ਦਿੱਤਾ ਮੰਗ ਪੱਤਰ

**ਫਗਵਾੜਾ ( ਚਰਨਜੀਤ ਸੱਲ੍ਹਾਂ )** ਬਲਾਕ ਔੜ ਬਚਾਉ ਸੰਘਰਸ਼ ਕਮੇਟੀ ਦਾ ਇੱਕ ਵਫਦ ਮਿੰਨੀ ਸੈਕਟਰੀਏਟ ਚੰਡੀਗੜ੍ਹ ਵਿਖੇ ਪੇਂਡੂ ਵਿਕਾਸ ਤੇ ਪੰਚਾਇਤਾਂ ਪ੍ਰਬੰਧਕੀ ਸਕੱਤਰ ਸ੍ਰੀ ਅਜੀਤ ਜੋਸ਼ੀ ਆਈ ਏ ਐਸ ਨੂੰ ਬਲਾਕ ਔੜ ਦੀ ਮੁਕੰਮਲ ਬਹਾਲੀ ਲਈ ਪ੍ਰਵੀਨ ਬੰਗਾ ਬੂਟਾ ਸਿੰਘ ਰਾਜਕੁਮਾਰ ਮਾਹਲ ਕੰਵਲਜੀਤ ਸਿੰਘ ਕੰਵਲ ਦੀ ਰਹਿਨੁਮਾਈ ਹੇਠ ਮਿਲਿਆ ਵਫਦ ਔੜ ਬਲਾਕ ਦੇ 74 ਪੰਚਾਇਤਾਂ ਵਲੋਂ ਔੜ ਬਲਾਕ ਨੂੰ ਬਹਾਲ ਕਰਵਾਉਣ ਲਈ ਲਿਖਤੀ ਮੱਤੇ ਪਾਕੇ ਦਿੱਤੇ ਇਸ ਮੌਕੇ ਪ੍ਰੈਸ ਨੂੰ ਜਾਣਕਾਰੀ ਦਿੰਦਿਆਂ ਪ੍ਰਵੀਨ ਬੰਗਾ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਗਜ਼ਟ ਨੋਟੀਫਿਕੇਸ਼ਨ ਪੀ ਏ9/1994/2/2025/5206 ਮਿਤੀ 08.08.2025 ਦੁਆਰਾ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਔੜ ਬਲਾਕ ਨੂੰ ਤੋੜ ਦਿੱਤਾ ਗਿਆ ਸੀ ਪੰਜਾਬ ਸਰਕਾਰ ਦਾ ਇਹ ਫੈਸਲਾ ਕਿਸੇ ਵੀ ਤਰ੍ਹਾਂ ਲੋਕ ਹਿਤੈਸ਼ੀ ਅਤੇ ਤਰਕਪੂਰਨ ਨਹੀਂ ਹੈ ਸਗੋਂ ਲੋਕਾਂ ਦੀਆਂ ਮੁਸ਼ਕਲਾਂ ਨੂੰ ਵਧਾਉਣ ਵਾਲਾ ਹੈ ਕੋਈ ਵੀ ਫੈਸਲਾ ਸਮੂਹ ਲੋਕਾਂ



ਅਤੇ ਇਲਾਕੇ ਦੇ ਹਿਤਾਂ ਨੂੰ ਸਾਹਮਣੇ ਰੱਖਕੇ ਲਿਆ ਜਾਣਾ ਚਾਹੀਦਾ ਹੈ ਨਾ ਕਿ ਵਿਧਾਨ-ਸਭਾ ਹਲਕੇ ਦੀਆਂ ਕੁਝ ਕੁ ਤਕਨੀਕੀ ਮੁਸ਼ਕਲਾਂ ਨੂੰ ਮੁੱਖ ਰੱਖਕੇ ਕਸਬਾ ਔੜ ਇਲਾਕੇ ਦੇ ਕੇਂਦਰ ਵਿੱਚ ਹੋਣ ਕਾਰਨ, ਅੰਤ ਬਲਾਕ ਇਲਾਕੇ ਦੇ ਲੋਕ ਦੂਰਅੰਦੇਸ਼ ਬਜ਼ੁਰਗ ਆਗੂਆਂ ਵੱਲੋਂ ਵੱਡੀ ਘਾਲਣਾ ਘਾਲ ਕੇ ਸਥਾਪਤ ਕੀਤਾ ਗਿਆ ਸੀ ਬਾਅਦ ਵਿੱਚ ਤਹਿਸੀਲ ਬਣਾਏ ਜਾਣ ਦੀਆਂ ਸੰਭਾਵਨਾਵਾਂ ਦੀ ਪੜਤਾਲ ਕਰਨ ਉਪਰੰਤ ਹੀ ਇੱਥੇ ਸਬ-ਤਹਿਸੀਲ ਅਤੇ ਪੁਲਿਸ ਥਾਣਾ ਬਣਾਏ ਗਏ ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦੇ ਉਪਰੋਕਤ ਫ਼ੈਸਲੇ ਨਾਲ ਇਲਾਕੇ ਦੇ ਲੋਕਾਂ ਲਈ ਬਹੁਤ ਵੱਡੀਆਂ ਮੁਸ਼ਕਲਾਂ ਪੈਦਾ ਹੋ ਗਈਆਂ ਹਨ ਸਮੂਹ ਗ੍ਰਾਮ ਪੰਚਾਇਤਾਂ, ਰਾਜਨੀਤਕ ਪਾਰਟੀਆਂ ਅਤੇ ਸਮਾਜ-ਸੇਵੀ ਸੰਸਥਾਵਾਂ ਸਮੇਤ ਇਲਾਕੇ ਦੇ ਸਮੂਹ ਲੋਕਾਂ 'ਚ ਬਲਾਕ ਨੂੰ ਤੋੜੇ ਜਾਣ ਵਿਰੁੱਧ ਸਖ਼ਤ ਰੋਸ ਹੈ ਬਲਾਕ ਦੀਆਂ ਸਮੂਹ 74 ਗ੍ਰਾਮ ਪੰਚਾਇਤਾਂ ਵੱਲੋਂ ਬਲਾਕ ਨੂੰ ਮੁੜ ਬਹਾਲ ਕਰਨ ਦੀ ਮੰਗ ਕਰਦਿਆਂ ਬਾਕਾਇਦਾ ਲਿਖਤੀ ਮਤੇ ਪਾਏ ਹਨ ਸਾਂਝੇ ਰੂਪ 'ਚ 'ਔੜ ਬਲਾਕ ਬਚਾਓ ਸੰਘਰਸ਼ ਕਮੇਟੀ ਬਣਾ ਕੇ 17 ਅਤੇ 18 ਅਗਸਤ 2025 ਨੂੰ ਧਰਨਾ-ਪ੍ਰਦਰਸ਼ਨ ਕਰਕੇ ਇਸ ਫ਼ੈਸਲੇ ਦਾ ਜਨਤਕ ਵਿਰੋਧ ਕੀਤਾ ਗਿਆ ਹੈ ਅਤੇ ਡਿਪਟੀ ਕਮਿਸ਼ਨਰ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਰਾਹੀਂ ਪੰਜਾਬ ਸਰਕਾਰ ਨੂੰ ਬਾਕਾਇਦਾ ਮੰਗ-ਪੱਤਰ ਵੀ ਭੇਜਿਆ ਗਿਆ ਹੈ ਉਨ੍ਹਾਂ ਕਿਹਾ ਕਿ ਸਾਨੂੰ ਬੇਹੱਦ ਅਫ਼ਸੋਸ ਨਾਲ ਕਹਿਣਾ ਪੈ ਰਿਹਾ ਹੈ ਕਿ ਪੰਜਾਬ ਸਰਕਾਰ ਵੱਲੋਂ ਲੋਕਾਂ ਦੀਆਂ ਭਾਵਨਾਵਾਂ ਨੂੰ ਮੁੱਖ ਰੱਖਦਿਆਂ ਅਜੇ ਤੱਕ ਬਲਾਕ ਨੂੰ ਬਹਾਲ ਨਹੀਂ ਕੀਤਾ ਗਿਆ ਉਨ੍ਹਾਂ ਮੰਗ ਕੀਤੀ ਕਿ ਉਨ੍ਹਾਂ ਦੀ ਆਵਾਜ਼ ਨੂੰ ਪੰਜਾਬ ਸਰਕਾਰ ਤੱਕ ਪਹੁੰਚਾਇਆ ਜਾਵੇ ਇਹ ਤਰਕਹੀਣ ਫ਼ੈਸਲਾ ਰੱਦ ਕਰਕੇ ਔੜ ਬਲਾਕ ਨੂੰ ਬਹਾਲ ਕੀਤਾ ਜਾਵੇ ਅਤੇ ਬਲਾਕ ਸੰਮਤੀ ਦੀ ਚੋਣ ਵੀ ਪਹਿਲੇ ਬਲਾਕ ਦੇ ਆਧਾਰ 'ਤੇ ਕਰਵਾਈ ਜਾਵੇ ਇਸ ਮੌਕੇ ਮੰਗ ਪੱਤਰ ਦੇਣ ਵਾਲਿਆ ਚ ਪ੍ਰਵੀਨ ਬੰਗਾ , ਬੂਟਾ ਸਿੰਘ , ਮਹਿਮੂਦਪੁਰ , ਰਾਜ ਕੁਮਾਰ ਮਾਹਲ , ਕੰਵਲਜੀਤ ਸਿੰਘ ਕੰਵਲ ਆਦਿ ਮੌਜੂਦ ਸਨ ਪੰਚਾਇਤ ਸਕੱਤਰ ਨੇ ਭਰੋਸਾ ਦਿਵਾਇਆ ਕਿ ਉਨ੍ਹਾਂ ਦੀ ਇਹ ਮੰਗ ਪੰਜਾਬ ਸਰਕਾਰ ਤੱਕ ਪਹੁੰਚਾ ਧਿਆਨ ਹਿੱਤ ਲਿਆਦੀ ਜਾਵੇਗੀ।

# ਬਸਪਾ ਦੇ ਸੀਨੀਅਰ ਆਗੂ ਪਿਆਰਾ ਸਿੰਘ ਚਤਾਮਲੀ ਜੀ ਨਹੀਂ ਰਹੇ

**ਰੋਪੜ( ਚਰਨਜੀਤ ਸੱਲ੍ਹਾਂ )** ਜੈ ਭੀਮ ਜੈ ਭਾਰਤ ਆਪ ਜੀ ਨੂੰ ਬਹੁਤ ਹੀ ਦੁਖੀ ਹਿਰਦੇ ਨਾਲ ਸੂਚਿਤ ਕੀਤਾ ਜਾਂਦਾ ਹੈ ਕਿ ਬਹੁਜਨ ਸਮਾਜ ਪਾਰਟੀ ਦੇ ਸੀਨੀਅਰ ਆਗੂ, ਤੇ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਦੇ ਸਾਥੀ ਰਹੇ ਸ ਪਿਆਰਾ ਸਿੰਘ ਚਤਾਮਲੀ ਇਸ ਫਾਨੀ ਸੰਸਾਰ ਨੂੰ ਛੱਡ ਕੇ ਕੁਦਰਤ ਦੇ ਬਣਾਏ ਕਾਨੂੰਨ ਅਨੁਸਾਰ ਸਾਨੂੰ ਸਾਰਿਆਂ ਨੂੰ ਸਦੀਵੀ ਵਿਛੋੜਾ ਦੇ ਗਏ ਹਨ ਉਨਾਂ ਦੇ ਜਾਣ ਨਾਲ ਜਿੱਥੇ ਪਾਰਟੀ ਨੂੰ ਵੱਡਾ ਘਾਟਾ ਪਿਆ ਹੈ ਉਥੇ ਪਰਿਵਾਰ ਨੂੰ ਵੀ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ ਉਨਾਂ ਦਾ ਸੰਸਕਾਰ ਲਗਭਗ 1.30 ਵਜੇ ਉਨਾਂ ਦੇ ਜੱਦੀ ਪਿੰਡ ਚਤਾਮਲੀ (ਰੋਪੜ )ਵਿਖੇ ਕੀਤਾ ਜਾਵੇਗਾ।



## ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਜਨਗਣਨਾ 2026-27 ਦੀਆਂ ਤਿਆਰੀਆਂ ਸਬੰਧੀ ਅਧਿਕਾਰੀਆਂ ਨੂੰ ਦਿੱਤੇ ਦਿਸ਼ਾ-ਨਿਰਦੇਸ਼



**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਅਗਾਮੀ ਜਨਗਣਨਾ 2026-27 ਦੇ ਸੁਚਾਰੂ ਢੰਗ ਨਾਲ ਸੰਚਾਲਨ ਨੂੰ ਯਕੀਨੀ ਬਣਾਉਣ ਲਈ ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਦੀ ਪ੍ਰਧਾਨਗੀ ਹੇਠ ਜ਼ਿਲ੍ਹਾ ਪੱਧਰ 'ਤੇ ਇਕ ਮਹੱਤਵਪੂਰਨ ਮੀਟਿੰਗ ਹੋਈ। ਮੀਟਿੰਗ ਵਿਚ ਵਧੀਕ ਡਿਪਟੀ ਕਮਿਸ਼ਨਰ ਅਮਰਬੀਰ ਕੌਰ ਭੁੱਲਰ, ਡਿਪਟੀ ਈ.ਐਸ.ਏ. ਸੁਨੀਤਾ ਪੋਲ ਅਤੇ ਏ.ਆਰ.ਓ ਪਵਨੀਤ ਕੌਰ ਸਮੇਤ ਸਬੰਧਤ ਅਧਿਕਾਰੀ ਮੌਜੂਦ ਸਨ। ਮੀਟਿੰਗ ਦੌਰਾਨ ਡਿਪਟੀ ਕਮਿਸ਼ਨਰ ਨੇ ਮੁੱਖ ਸਕੱਤਰ ਪੰਜਾਬ ਕੇ.ਏ.ਪੀ ਸਿਨਹਾ ਵੱਲੋਂ ਹਾਲ ਹੀ ਵਿਚ ਜਾਰੀ ਨਿਰਦੇਸ਼ਾਂ ਦੇ ਸੰਦਰਭ ਵਿਚ ਜ਼ਿਲ੍ਹਾ ਪੱਧਰ 'ਤੇ ਤਿਆਰੀਆਂ ਦੀ ਸਮੀਖਿਆ ਕੀਤੀ। ਡਿਪਟੀ ਕਮਿਸ਼ਨਰ ਨੇ ਸਪੱਸ਼ਟ ਕੀਤਾ ਕਿ 31 ਦਸੰਬਰ 2025 ਤੱਕ ਸ਼ਹਿਰਾਂ ਅਤੇ ਪਿੰਡਾਂ ਦੀਆਂ ਪ੍ਰਸ਼ਾਸਨਿਕ ਸੀਮਾਵਾਂ ਨੂੰ ਅੰਤਿਮ ਰੂਪ ਦੇਣਾ ਲਾਜ਼ਮੀ ਹੈ। ਇਸ ਸਬੰਧ ਵਿਚ ਪ੍ਰਾਪਤ ਰਿਪੋਰਟਾਂ ਦੀ ਦੁਬਾਰਾ ਜਾਂਚ ਲਈ ਏ.ਡੀ.ਸੀ ਨੂੰ ਸ਼ਹਿਰੀ ਹਲਕਿਆਂ ਅਤੇ ਐਸ.ਡੀ.ਐਮਜ਼ ਨੂੰ ਪੇਂਡੂ ਹਲਕਿਆਂ ਦੀ ਜ਼ਿੰਮੇਵਾਰੀ ਸੌਂਪੀ ਗਈ ਹੈ। ਡਿਪਟੀ ਕਮਿਸ਼ਨਰ ਨੇ ਕਿਹਾ ਕਿ ਜਨਗਣਨਾ ਕਾਰਜ ਇਕ ਰਾਸ਼ਟਰੀ ਮਹੱਤਵਪੂਰਨ ਜ਼ਿੰਮੇਵਾਰੀ ਹੈ, ਇਸ ਲਈ ਸਾਰੇ ਸਬੰਧਤ ਅਧਿਕਾਰੀ ਸਮਾਂਬੱਧ ਢੰਗ ਨਾਲ ਆਪਣੀ ਜ਼ਿੰਮੇਵਾਰੀ ਨਿਭਾਉਣ। ਉਨ੍ਹਾਂ ਜ਼ਿਲ੍ਹਾ ਪੱਧਰ 'ਤੇ ਸਥਾਪਿਤ ਜਨਗਣਨਾ ਸੈੱਲ ਦੀ ਕਾਰਜਪ੍ਰਣਾਲੀ ਨੂੰ ਵੀ ਹੋਰ ਸਰਗਰਮ ਬਣਾਉਣ ਦੇ ਨਿਰਦੇਸ਼ ਦਿੱਤੇ ਤਾਂ ਜੋ ਸਾਰੀਆਂ ਗਤੀਵਿਧੀਆਂ ਨਿਰਧਾਰਤ ਕੈਲੰਡਰ ਅਨੁਸਾਰ ਸਮੇਂ ਸਿਰ ਪੂਰੀਆਂ ਕੀਤੀਆਂ ਜਾ ਸਕਣ।

## ਕਾਠਗੜ੍ਹ ਵਿਖੇ ਪਹਿਲਾ ਖ਼ੂਨਦਾਨ ਕੈਂਪ ਅਤੇ ਲੰਗਰ 5 ਅਕਤੂਬਰ ਨੂੰ

### ਨੌਜਵਾਨਾਂ ਦੇ ਦਿਲਾਂ ਦੀ ਧੜਕਣ ਸਵਰਗੀ ਕਮਲਜੀਤ ਕੁਮਾਰ ਸੋਨੂੰ ਦੀ ਯਾਦ ਵਿਚ ਲਗਾਇਆ ਜਾਵੇਗਾ ਖ਼ੂਨਦਾਨ ਕੈਂਪ




**ਨਵਾਂਸ਼ਹਿਰ /ਕਾਠਗੜ੍ਹ (ਜਤਿੰਦਰ ਪਾਲ ਸਿੰਘ ਕਲੇਰ )** ਫਰੈਂਡਜ਼ ਗਰੁੱਪ ਕਾਠਗੜ੍ਹ ਵਲੋਂ ਸਵਰਗੀ ਨੌਜਵਾਨ ਸੋਨੂੰ ਦੀ ਕਾਠਗੜ੍ਹ ਦੀ ਯਾਦ ਵਿਚ ਪਹਿਲਾਂ ਖ਼ੂਨਦਾਨ ਕੈਂਪ ਅਤੇ ਲੰਗਰ 5 ਅਕਤੂਬਰ 2025 ਦਿਨ ਐਤਵਾਰ ਨੂੰ ਮੇਨ ਚੌਕ ਕਾਠਗੜ੍ਹ ਦੀ ਮਾਰਕੀਟ ਵਿਚ ਲਗਾਇਆ ਜਾ ਰਿਹਾ ਹੈ ਇਹ ਜਾਣਕਾਰੀ ਦਿੰਦੀਆਂ ਰਵੀ ਕੁਮਾਰ ਕਾਠਗੜ੍ਹ ਨੇ ਦੱਸਿਆ ਕੇ ਸਵੇਰੇ 10 ਵਜੇ ਤੋਂ ਦੁਪਹਿਰ 2ਵਜੇ ਤੱਕ ਖ਼ੂਨਦਾਨ ਕੈਂਪ ਬਲੱਡ ਸੈਂਟਰ ਸਰਕਾਰੀ ਹਸਪਤਾਲ ਰੂਪਨਗਰ ਦੇ ਡਾਕਟਰਾਂ ਦੀ ਟੀਮ ਵਲੋਂ ਲਗਾਇਆ ਜਾਵੇ ਜਦੋਂ ਕੇ 1 ਵਜੇ ਤੋਂ ਸ਼ਾਮ 5 ਵਜੇ ਤੱਕ ਗੁਰੂ ਦੇ ਅਤੁੱਟ ਲੰਗਰ ਵਰਤਾਏ ਜਾਣਗੇ। ਇਸ ਖ਼ੂਨਦਾਨ ਕੈਂਪ ਵਿਚ ਸਮੂਹ ਗ੍ਰਾਮ ਪੰਚਾਇਤ ਅਤੇ ਕਸਬੇ ਕਾਠਗੜ੍ਹ ਦੇ ਦੁਕਾਨਦਾਰ ਅਤੇ ਇਲਾਕੇ ਦੇ ਮੋਹਤਬਰ ਨੌਜਵਾਨ ਇਸ ਖ਼ੂਨਦਾਨ ਕੈਂਪ ਵਿਚ ਵੱਧ ਚੜ੍ਹ ਕੇ ਹਿੱਸਾ ਲੈਣ ਗੇ।ਇਸ ਮੌਕੇ ਜਤਿੰਦਰ ਕੁਮਾਰ ਆਨੰਦ, ਬਿੱਟੂ ਸਰਪੰਚ ਚਾਹਲਾਂ, ਰੋਹਿਤ, ਗੋਬਿੰਦ ਕਾਠਗੜ੍ਹ, ਰਮਨ, ਰਕੇਸ਼, ਮਨੀ, ਮੋਨੂੰ ਆਦਿ ਪਿੰਡ ਦੇ ਨੌਜਵਾਨ ਹਾਜ਼ਰ ਸਨ।

## ਰਾਸ਼ਨ ਡਿੱਪੂਆਂ ਤੇ ਆ ਰਹੇ ਰਾਸ਼ਨ ਦੀ ਈ ਕੇ ਵਾਈ ਸੀ ਸਾਡੇ ਤੋਂ ਨਾ ਕਰਵਾਈ ਜਾਵੇ:- ਜੁਝਾਰੂ ਆਂਗਨਵਾੜੀ ਵਰਕਰ ਯੂਨੀਅਨ

**ਨਵਾਂਸ਼ਹਿਰ( ਚਰਨਜੀਤ ਸੱਲ੍ਹਾਂ )** ਮੈਡਮ ਦਲਜੀਤ ਕੌਰ ਜ਼ਿਲ੍ਹਾ ਪ੍ਰਧਾਨ ਜੁਝਾਰੂ ਆਂਗਨਵਾੜੀ ਵਰਕਰ / ਹੈਲਪਰ ਯੂਨੀਅਨ ਦੀ ਅਗਵਾਈ ਵਿੱਚ ਵਫਦ ਵਲੋਂ ਜ਼ਿਲ੍ਹਾ ਪ੍ਰੋਗਰਾਮ ਅਫ਼ਸਰ ਨਵਾਂਸ਼ਹਿਰ ਨੂੰ ਇੱਕ ਮੰਗ ਪੱਤਰ ਸੌਂਪਿਆ ਗਿਆ ਜਿਸ ਵਿੱਚ ਮੰਗ ਕੀਤੀ ਗਈ ਕਿ ਰਾਸ਼ਨ ਡਿਪੂਆਂ ਤੇ ਆ ਰਹੇ ਰਾਸ਼ਨ ਦੀ ਤੇ ਨੀਲੇ ਕਾਰਡ ਈ ਕੇ ਵਾਈ ਸੀ ਸਾਡੇ ਤੋਂ ਨਾ ਕਰਵਾਈ ਜਾਵੇ ਕਿਉਂਕਿ ਅਸੀਂ ਸ਼ੋਸ਼ਲ ਵਰਕਰ ਹੀ ਹਾਂ ਅਸੀਂ ਪਿੰਡਾਂ ਵਿੱਚ ਜਾਣਾ ਸਾਨੂੰ ਕੋਈ ਓ ਪੀ ਟੀ ਨਹੀਂ ਦੇਵੇਗਾ। ਲੋਕਾਂ ਨੂੰ ਸਮਝਾਉਣਾ ਬਹੁਤ ਔਖਾ ਏ। ਅਗਰ ਕਿਸੇ ਦਾ ਨੀਲਾ ਕਾਰਡ ਕੱਟਿਆ ਗਿਆ ਤਾਂ ਉਸ ਦੀ ਜ਼ਿੰਮੇਵਾਰੀ ਸਾਡੇ ਤੇ ਆ ਜਾਵੇਗੀ ਜਿਸ ਨਾਲ ਸਾਨੂੰ ਕਈ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪਵੇਗਾ। ਸਾਡੀ ਜਥੇਬੰਦੀ ਇਸ ਲਈ ਇਸ ਗੱਲ ਦਾ ਵਿਰੋਧ ਕਰਦੀ ਹੈ। ਸਾਨੂੰ ਈ ਕੇ ਵਾਈ ਸੀ ਕਰਨ ਲਈ ਮਜ਼ਬੂਰ ਨਾ ਕੀਤਾ ਜਾਵੇ। ਇਸ ਮੰਗ ਪੱਤਰ ਦਾ ਇੱਕ ਉਤਾਰਾ ਡਾਇਰੈਕਟਰ ਦਫ਼ਤਰ ਨੂੰ ਵੀ ਭੇਜਿਆ ਗਿਆ। ਇਸ ਸਮੇਂ ਜ਼ਿਲ੍ਹਾ ਪ੍ਰਧਾਨ ਦਲਜੀਤ ਕੌਰ, ਬੰਗਾ ਬਲਾਕ ਪ੍ਰਧਾਨ ਰਮਨਦੀਪ ਕੌਰ, ਨਵਾਂਸ਼ਹਿਰ ਬਲਾਕ ਪ੍ਰਧਾਨ ਕਵਿਤਾ ਸ਼ਰਮਾ, ਬਲਾਚੌਰ ਬਲਾਕ ਪ੍ਰਧਾਨ ਰੇਸ਼ਮ ਕੌਰ, ਬਲਜੀਤ ਕੌਰ, ਪਰਮਜੀਤ ਕੌਰ, ਹਰਪ੍ਰੀਤ ਕੌਰ,ਕਿਰਨ ਬਾਲਾ, ਅਮਨਦੀਪ ਕੌਰ ਅਤੇ ਮਨਪ੍ਰੀਤ ਕੌਰ ਆਦਿ ਹਾਜ਼ਰ ਸਨ।



# ਖ਼ੁਦ.ਗਰਜ਼ੀ

ਇਸ ਮਤਲਬ ਖੋਰੀ ਦੁਨੀਆਂ ਵਿੱਚ ,
ਅਪਣੇ ਅਪਣਿਆਂ ਨਾਲ਼ ਲੜਦੇ ਨੇ ।
ਪਰ ਜਿੰਨ੍ਹਾਂ ਦਾ ਕੋਈ ਅਪਣਾ 'ਨੀਂ ,
ਓਹ ਤਨਹਾਈ ਵਿੱਚ ਸੜਦੇ ਨੇ ।
ਜੋ ਵਿਹਲੜ ਭਾਰ ਹਨ ਧਰਤੀ ਉਤੇ ,
ਓਹ ਕਲਪਿਤ ਸੁਰਗ 'ਚ ਵਸਦੇ ਨੇ ;
ਕਰਦੇ ਕਿਰਤ ਕਮਾਈ ਹਨ ਜਿਹੜੇ ,
ਉਹ ਦਰਿਆਵਾਂ ਵਿੱਚ ਹੜ੍ਹਦੇ ਨੇ ।



**ਮੂਲ ਚੰਦ ਸ਼ਰਮਾ**
ਪ੍ਰਧਾਨ, ਪੰਜਾਬੀ ਸਾਹਿਤ ਸਭਾ ਧੂਰੀ ਜਿਲ੍ਹਾ ਸੰਗਰੂਰ।
9914836037

# ਘਰਵਾਲੀ ਤੋਂ ਡਰਦਾ ਬੰਦਾ

ਬੇਸ਼ੱਕ ਤੜੀ ਜਮਾਵੇ,ਪਾਣੀ ਭਰਦਾ ਬੰਦਾ।
ਅਕਸਰ ਰਹਿੰਦਾ ਘਰਵਾਲੀ, ਤੋਂ ਡਰਦਾ ਬੰਦਾ।

ਮੁੱਖ ਮੰਤਰੀ,ਐਮ ਪੀ ਠਾਣੇਦਾਰ ਦੋਸਤੋ।
ਰੋਅਬ ਦਿਖਾਉਣ ਬਥੇਰਾ ਜਾਕੇ ਬਾਹਰ ਦੋਸਤੋ।
ਘਰ ਵਿੱਚ ਆਕੇ ਜਮਾਂ ਉਫ ਨਹੀਂ ਕਰਦਾ ਬੰਦਾ।
ਪਤਾ ਨਹੀਂ ਕਿਉਂ ਘਰਵਾਲੀ ਤੋਂ ਡਰਦਾ ਬੰਦਾ।

ਰਿਸ਼ਤਾ ਐਸਾ ਹੋਰ ਕਿਸੇ ਨਾਲ਼ ਜੁੜਦਾ ਨਹੀਂਓ।
ਪਤਨੀ ਜੀ ਦਾ ਕਦੇ ਵੀ ਕਹਿਣਾ ਮੁੜਦਾ ਨਹੀਂਓ ।
ਗੁੱਸਾ ਵੀ ਹੈ ਹੱਸ ਹੱਸ ਸੀਨੇ ਜਰਦਾ ਬੰਦਾ।
ਪਤਾ ਨਹੀਂ ਕਿਉਂ ਘਰਵਾਲੀ ਤੋਂ ਡਰਦਾ ਬੰਦਾ।

ਖ਼ਾਨ ਜਿਹਾ ਵਿਆਹ ਸ਼ਾਦੀ ਵਿੱਚ ਜਾਕੇ ਸ਼ਰਮਾਵੇ।
ਵਹੁਟੀ ਹੋਵੇ ਨਾਲ਼ ਸੋਚਕੇ ਕਦਮ ਟਿਕਾਵੇ।
ਕਾਮੀ ਵਾਲੇ ਕੀ ਕਰੇ ਬਈ ਮਰਦਾ ਬੰਦਾ।
ਘਰਵਾਲੀ ਤੋਂ ਕਾਹਤੋਂ ਐਨਾਂ ਡਰਦਾ ਬੰਦਾ।



**ਸੁਕਰ ਦੀਨ ਕਾਮੀਂ ਖੁਰਦ**

# ਸਮੁੰਦਰ ਤੇ ਥਲਾਂ ਦਾ ਸੇਕ

ਤੜਪਦੇ ਸਮੁੰਦਰ ਦੇ ਸੀਨੇ ‘ਚ
ਥਲਾਂ ਦਾ ਸੇਕ
ਕਿੰਝ ਤੜਪਦੈ
ਬਿਨ ਨੀਰ
ਬਿਨ ਆਵਾਜ਼
ਚੀਕ
ਲੈ ਉਡੀਕ
ਤੁਰ ਪੈਂਦੀ ਐ
ਖਾਰੇ ਨੀਰ ਨੂੰ
ਸਾਹਾਂ ‘ਚ
ਵਗਦੇ ਰਾਹਾਂ ‘ਚ
ਦਫ਼ਨ ਕਰਨ
ਸਮਿਆਂ ਦਾ ਵੇਗ
ਭਰਦਾ ਹੈ
ਵਕਤ ਦੀਆਂ ਕੋਰਾਂ ‘ਤੇ
ਸੁਰਮਈ ਰੰਗ
ਨ੍ਹੇਰ
ਦੇਰ ਸਵੇਰ
ਲੈਂਦਾ ਐ
ਅਕਸਰ ਘੇਰ
ਤੜਪ ਦੀ
ਲਕੋਈ
ਰੜਕ ਨੂੰ
ਦੂਰ ਦੂਰ ਤੱਕ
ਇੱਕ ਪਰਛਾਵਾਂ
ਲਿਖਦਾ ਰਹਿੰਦੈ
ਸਿਰਨਾਵਾਂ
ਜ਼ਰਦ ਜਿਹੇ
ਅਲਗਰਜ਼ ਜਿਹੇ
ਰਿਸ਼ਤਿਆਂ ਦਾ
ਸਮੇਂ ਸੰਗ
ਪਿਸਦਿਆਂ ਦਾ
ਜਿਨ੍ਹਾਂ ਕਦੇ
ਆਉਣਾ ਵੀ ਨਹੀਂ
ਪੱਲੇ ਨੂੰ
ਛੱਡ ਪਾਉਂਣਾ ਵੀ ਨਹੀਂ
ਸਮੁੰਦਰ ਦਾ ਹਾਉਂਕਾ
ਥਲਾਂ ਦਾ ਸੇਕ
ਵੇਖ
ਕਿੰਝ ਹੋ ਜਾਂਦੇ ਨੇ
ਹਾਣੀ
ਇਹ ਵੀ ਅਜਬ
ਕਹਾਣੀ
ਤੜਪਦਾ ਸਮੁੰਦਰ
ਲੈ ਤੁਰਦੈ
ਥਲਾਂ ਦਾ ਸੇਕ
ਚੁੱਪ ਚਾਪ
ਚੀਕ
ਪੀ ਜਾਂਦੈ
ਬੁੱਲ੍ਹ ਮੀਚ।



**ਡਾ. ਮੇਹਰ ਮਾਣਕ**

# ਸ਼ਕਲਾਂ ਅਕਲਾਂ

ਲਗਦੇ ਜੋ ਮੂੰਹੋਂ ਮਿੱਠੇ ਅੰਦਰੋਂ ਪਰ ਹੁੰਦੇ ਖੋਟੇ
ਅੰਦਰ ਦੀ ਜਾਣ ਸਚਾਈ ਹੋਜੂ ਦਿਲ ਟੋਟੇ ਟੋਟੇ
ਜਿਨਾਂ ਦੇ ਆਖੇ ਲਗਕੇ ਪਿੱਛੋਂ ਪਛਤਾਣਾ ਤੂੰ
ਸ਼ਕਲਾਂ ਨੂੰ ਪੜ੍ਹਨਾ ਸਿੱਖ ਲੈ ਸਿੱਖ ਲੈ ਅਣਜਾਣਾ ਤੂੰ

ਓਹੀਓ ਛਲ ਕਪਟ ਨੇ ਕਰਦੇ ਲਗਦੇ ਜੋ ਤੈਨੂੰ ਤੇਰੇ
ਅੰਦਰੋਂ ਕੁਝ ਹੋਰ ਨੇ ਚਿਹਰੇ ਬਾਹਰੋਂ ਕੁਝ ਹੋਰ ਨੇ ਚਿਹਰੇ
ਫਸ ਜਾਏਂਗਾ ਬਹੁਤ ਕਸੂਤਾ ਐਸਾ ਉਲਝਾਣਾ ਤੂੰ
ਸ਼ਕਲਾਂ ਨੂੰ ਪੜ੍ਹਨਾ ਸਿਖਲੈ ਸਿੱਖ ਲੈ ਅਣਜਾਣਾ ਤੂੰ

ਗੁਪਤੀ ਬਹਿ ਲਾਉਣ ਸਕੀਮਾਂ ਸ਼ਾਤਿਰ ਨੇ ਵਿੱਚੋਂ ਬਾਹਲ਼ੇ
ਡੰਗਣਗੇ ਬਚਕੇ ਰਹੀਂ ਬੁੱਕਲ਼ ਵਿਚ ਨਾਗ ਜੋ ਪਾਲ਼ੇ
ਐਵੇਂ ਉਲਝਾ ਲਈਂ ਨਾ ਕਿਤੇ ਖਿਆਲਾਂ ਦਾ ਤਾਣਾ ਤੂੰ
ਸ਼ਕਲਾਂ ਨੂੰ ਪੜ੍ਹਨਾ ਸਿੱਖ ਲੈ ਸਿੱਖ ਲੈ ਅਣਜਾਣਾ ਤੂੰ ।

ਮਤਲਬ ਕੱਢ ਦਿੰਦੇ ਧੋਖੇ ਆਹੀ ਗੱਲ ਚੇਤੇ ਰੱਖੀਂ
ਮਹਿੰਗੀ ਪਊ ਫੂਕ ਛਕਾਈ ਤੱਕਿਆ ਕਰ ਇਸ ਲਈ ਅੱਖੀਂ
ਧੰਨਿਆਂ ਵੱਡਿਆਂ ਦੀ ਮੰਨਕੇ ਬਣਜਾ ਹੁਣ ਸਿਆਣਾ ਤੂੰ
ਸ਼ਕਲਾਂ ਨੂੰ ਪੜ੍ਹਨਾ ਸਿੱਖ ਲੈ ਸਿੱਖ ਲੈ ਅਣਜਾਣਾ ਤੂੰ



**ਧੰਨਾ ਧਾਲੀਵਾਲ**
9878235714



# ਮੁੰਬਈ ਤੋਂ ਆਏ ਬਾਬਾ ਸਾਹਿਬ ਦੇ ਸ਼ਰਧਾਲੂ ਅੰਬੇਡਕਰ ਭਵਨ ਵਿਖੇ ਹੋਏ ਨਤਮਸਤਕ













ਅੰਬੇਡਕਰ ਭਵਨ ਵਿਖੇ ਫੇਰੀ ਦੀਆਂ ਕੁਝ ਝਲਕੀਆਂ।

**ਜਲੰਧਰ ( ਸਮਾਜ ਵੀਕਲੀ)** ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਦੇ ਸ਼ਰਧਾਲੂ ਰੰਜਨਕੁਮਾਰ ਮਹਾਦੇਵ ਖਾਪੜਡੇ, ਨੈਸ਼ਨਲ ਪ੍ਰੈਜੀਡੈਂਟ, ਆਲ ਇੰਡੀਆ ਬੈਂਕ ਆਫ ਇੰਡੀਆ ਐਸਸੀ/ਐਸਟੀ/ਓਬੀਸੀ ਐਮਪਲਾਈਜ਼ ਐਸੋਸੀਏਸ਼ਨ ਅਤੇ ਸ਼੍ਰੀ ਜੇ. ਕੇ. ਕਾਂਬਲੇ, ਨੈਸ਼ਨਲ ਜਨਰਲ ਸਕੱਤਰ, ਆਲ ਇੰਡੀਆ ਬੈਂਕ ਆਫ ਇੰਡੀਆ ਐਸਸੀ/ਐਸਟੀ/ਓਬੀਸੀ ਐਮਪਲਾਈਜ ਐਸੋਸੀਏਸ਼ਨ ਇਤਿਹਾਸਕ ਸਥਾਨ, 'ਅੰਬੇਡਕਰ ਭਵਨ' ਵਿਖੇ ਤਥਾਗਤ ਬੁੱਧ ਅਤੇ ਬਾਬਾ ਸਾਹਿਬ ਡਾ. ਅੰਬੇਡਕਰ ਦੀ ਮੂਰਤੀ ਅੱਗੇ ਨਤਮਸਤਕ ਹੋਣ ਆਏ। ਬੈਂਕ ਆਫ ਇੰਡੀਆ ਦੇ ਸਾਬਕਾ ਸੀਨੀਅਰ ਮੈਨੇਜਰ, ਆਲ ਇੰਡੀਆ ਬੈਂਕ ਆਫ ਇੰਡੀਆ ਐਸਸੀ/ਐਸਟੀ/ਓਬੀਸੀ ਐਮਪਲਾਈਜ਼ ਐਸੋਸੀਏਸ਼ਨ ਦੀ ਉੱਤਰ ਪੱਛਮੀ ਇਕਾਈ ਦੇ ਕੈਸ਼ੀਅਰ ਬਹੁਤ ਹੀ ਸਤਿਕਾਰਯੋਗ ਸ੍ਰੀ ਕਮਲ ਕੁਮਾਰ ਜੀ ਵੀ ਉਨ੍ਹਾਂ ਦੇ ਨਾਲ ਆਏ। ਅੰਬੇਡਕਰ ਭਵਨ ਵਿਖੇ ਪਹੁੰਚਣ 'ਤੇ ਟਰੱਸਟ ਦੇ ਅਹੁਦੇਦਾਰਾਂ, ਜਨਰਲ ਸਕੱਤਰ ਡਾ. ਜੀ.ਸੀ. ਕੌਲ, ਵਿੱਤ ਸਕੱਤਰ ਬਲਦੇਵ ਰਾਜ ਭਾਰਦਵਾਜ ਅਤੇ ਸੀਨੀਅਰ ਟਰੱਸਟੀ ਹਰਮੇਸ਼ ਜਸਲ ਨੇ ਸ੍ਰੀ ਖਾਪੜਡੇ ਜੀ ਸ੍ਰੀ ਕਾਂਬਲੇ ਜੀ ਅਤੇ ਸ੍ਰੀ ਕਮਲ ਕੁਮਾਰ ਜੀ ਦਾ ਸਵਾਗਤ ਅਤੇ ਸਨਮਾਨ ਉਨ੍ਹਾਂ ਨੂੰ ਸ੍ਰੀ ਐਲ. ਆਰ. ਬਾਲੀ ਜੀ ਦੀ ਸਵੈ-ਜੀਵਨੀ 'ਅੰਬੇਡਕਰੀ ਹੋਨੇ ਕਾ ਅਰਥ' ਭੇਂਟ ਕਰਕੇ ਕੀਤਾ। ਰੰਜਨ ਕੁਮਾਰ ਖਾਪੜਡੇ ਨੇ ਦੱਸਿਆ ਕਿ ਉਹ ਮੂਲ ਰੂਪ ਵਿੱਚ ਨਾਗ-ਪੁਰ (ਮਹਾਰਾਸ਼ਟਰ), ਜੋ ਦੀਕਸ਼ਾ ਭੂਮੀ ਦਾ ਸਥਾਨ ਹੈ, ਤੋਂ ਹਨ । ਪਰ ਉਹ ਪਿਛਲੇ 23 ਸਾਲਾਂ ਤੋਂ ਮੁੰਬਈ ਵਿੱਚ ਵਸੇ ਹੋਏ ਹਨ। ਉਹ ਡਾ. ਬਾਬਾ ਸਾਹਿਬ ਅੰਬੇਡਕਰ ਦੇ ਪੱਕੇ ਪੈਰੋਕਾਰ ਹਨ, ਜਿਸ ਵਿੱਚ 14 ਅਕਤੂਬਰ, 1956 ਨੂੰ ਨਾਗਪੁਰ ਵਿਖੇ ਉਨਾਂ ਦਾ ਧਰਮ ਪਰਿਵਰਤਨ ਵੀ ਸ਼ਾਮਿਲ ਹੈ। ਉਨ੍ਹਾਂ ਦੱਸਿਆ ਕਿ ਉਨ੍ਹਾਂ ਦੇ ਮਾਪਿਆਂ ਨੇ ਉਸੇ ਦਿਨ ਬੁੱਧ ਧਰਮ ਅਪਣਾ ਲਿਆ ਸੀ ਜਦੋਂ ਉਹ ਸਿਰਫ ਢਾਈ ਸਾਲ ਦੇ ਸਨ। ਉਨ੍ਹਾਂ ਇਹ ਵੀ ਦੱਸਿਆ ਕਿ ਸਕੂਲਾਂ ਵਿੱਚ ਡਾ.ਬਾਬਾ ਸਾਹਿਬ ਅੰਬੇਡਕਰ ਬਾਰੇ ਕੁਝ ਨਹੀਂ ਦੱਸਿਆ ਜਾਂਦਾ ਸੀ ਪਰ ਉਨ੍ਹਾਂ ਦੇ ਪਿਤਾ ਜੀ ਉਨ੍ਹਾਂ ਨੂੰ ਬਾਬਾ ਸਾਹਿਬ ਬਾਰੇ ਦੱਸਦੇ ਸਨ। ਖਾਪੜਡੇ ਜੀ ਬੈਂਕ ਆਫ ਇੰਡੀਆ ਦੇ ਹੈਡ ਆਫਿਸ ਬਾਂਦਰਾ-ਕੁਰਲਾ ਕਪਲੈਕਸ, ਮੁੰਬਈ ਤੋਂ ਸੀਨੀਅਰ ਮੈਨੇਜਰ ਦੇ ਅਹੁਦੇ ਤੋਂ ਸੇਵਾ ਮੁਕਤ ਹਨ। ਉਨ੍ਹਾਂ ਨੇ ਬੈਂਕ ਆਫ ਇੰਡੀਆ ਵਿੱਚ ਹੋਰ ਤਰੱਕੀਆਂ ਦੀ ਇੱਛਾ ਨਹੀਂ ਕੀਤੀ ਕਿਉਂਕਿ ਉਹ ਆਪਣੇ ਸੰਸਥਾਪਕ ਅਤੇ ਉਸ ਸਮੇਂ ਦੇ ਰਾਸ਼ਟਰੀ ਪ੍ਰਧਾਨ ਸ੍ਰੀ ਸ਼ੰਕਰ ਕਾਂਸ਼ੀਨਾਥ ਪਾਟਿਲ ਦੀ ਯੋਗ ਅਗਵਾਈ ਹੇਠ ਬੈਂਕ ਆਫ ਇੰਡੀਆ ਵਿੱਚ ਐਸਸੀ/ਐਸਟੀ/ਓਬੀਸੀ ਅੰਦੋਲਨ ਲਈ ਆਪਣਾ ਜੀਵਨ ਸਮਰਪਤ ਕਰ ਦਿੱਤਾ ਸੀ। ਖਾਪੜਡੇ ਜੀ ਨੇ ਅੱਗੇ ਕਿਹਾ ਕਿ ਉਨ੍ਹਾਂ ਨੂੰ 24 ਸਤੰਬਰ, 2025 ਨੂੰ ਅੰਬੇਡਕਰ ਭਵਨ ਦਾ ਦੌਰਾ ਕਰਨ ਦਾ ਮੌਕਾ ਮਿਲਿਆ, ਜਿਸਦੀ ਸ਼ੁਰੂਆਤ ਸਤਿਕਾਰਯੋਗ ਸ਼੍ਰੀ ਐਲ.ਆਰ. ਬਾਲੀ ਜੀ ਦੁਆਰਾ ਜਲੰਧਰ ਵਿਖੇ ਕੀਤੀ ਗਈ ਸੀ। ਦਰਅਸਲ,ਉਹ ਐਲ.ਆਰ. ਬਾਲੀ ਜੀ ਨੂੰ ਉਨ੍ਹਾਂ ਦੇ ਜੀਵਨ ਕਾਲ ਦੌਰਾਨ ਮਿਲਣਾ ਚਾਹੁੰਦੇ ਸਨ ਪਰ ਇਹ ਸਾਕਾਰ ਨਹੀਂ ਹੋ ਸਕਿਆ। ਉਨ੍ਹਾਂ ਕਿਹਾ ਕਿ "ਮੈਂ ਐਲ.ਆਰ. ਬਾਲੀ ਜੀ ਨੂੰ ਬਾਬਾ ਸਾਹਿਬ ਦੇ ਇੱਕ ਮਜ਼ਬੂਤ ਸਿਪਾਹੀ ਵਜੋਂ ਜਾਣਦਾ ਹਨ ਅਤੇ ਇਸ ਲਈ ਭਾਵੇਂ ਮੈਂ ਉਨ੍ਹਾਂ ਨੂੰ ਉਨ੍ਹਾਂ ਦੇ ਜੀਵਨ ਕਾਲ ਦੌਰਾਨ ਨਹੀਂ ਮਿਲ ਸਕਿਆ ਪਰ ਜਲੰਧਰ ਆਉਣ ਦਾ ਪਹਿਲਾ ਮੌਕਾ ਮਿਲਣ 'ਤੇ, ਮੈਂ ਉਨ੍ਹਾਂ ਦੁਆਰਾ ਸਥਾਪਿਤ ਅੰਬੇਡਕਰ ਭਵਨ ਟਰੱਸਟ, ਜਲੰਧਰ ਦਾ ਦੌਰਾ ਕੀਤਾ।"

ਆਲ ਇੰਡੀਆ ਬੈਂਕ ਆਫ਼ ਇੰਡੀਆ ਐਸਸੀ/ਐਸਟੀ/ਓਬੀਸੀ ਐਮਪਲਾਈਜ਼ ਐਸੋਸੀਏਸ਼ਨ ਦੇ ਰਾਸ਼ਟਰੀ ਜਨਰਲ ਸਕੱਤਰ ਸ਼੍ਰੀ ਜੇ.ਕੇ. ਕਾਂਬਲੇ ਨੇ ਕਿਹਾ ਕਿ "ਉਹ ਆਲ ਇੰਡੀਆ ਬੈਂਕ ਆਫ਼ ਇੰਡੀਆ ਐਸਸੀ/ਐਸਟੀ/ਓਬੀਸੀ ਐਮਪਲਾਈਜ਼ ਐਸੋਸੀਏਸ਼ਨ ਦੀ ਉੱਤਰ ਪੱਛਮੀ ਇਕਾਈ ਦੇ ਖਜ਼ਾਨਚੀ ਸ਼੍ਰੀ ਕਮਲ ਕੁਮਾਰ ਦੇ ਧੰਨਵਾਦੀ ਹਨ, ਜਿਨ੍ਹਾਂ ਨੇ ਮੈਨੂੰ ਅਤੇ ਰੰਜਨ ਕੁਮਾਰ ਖਾਪਰਡੇ ਨੂੰ ਅੰਬੇਡਕਰ ਭਵਨ, ਜਲੰਧਰ ਲਿਜਾਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ। ਇਹ ਮੇਰੇ ਲਈ ਇੱਕ ਅਭੁੱਲ ਅਨੁਭਵ ਹੈ। ਟਰੱਸਟ ਦੇ ਅਹੁਦੇਦਾਰਾਂ ਦੁਆਰਾ ਸਾਡਾ ਸਵਾਗਤ ਕੀਤਾ ਗਿਆ ਜੋ ਕਿ ਮਰਹੂਮ ਸ਼੍ਰੀ ਐਲ.ਆਰ. ਬਾਲੀ ਜੀ ਦੇ ਅੰਦੋਲਨ ਨੂੰ ਸਮਰਪਿਤ ਹਨ।" ਉਨ੍ਹਾਂ ਸਾਰਿਆਂ ਨੇ ਅੰਬੇਡਕਰ ਭਵਨ ਦੇ ਕੇਅਰਟੇਕਰ ਸ਼੍ਰੀ ਨਿਰਮਲ ਬਿੰਜੀ ਦੀਆਂ ਸੇਵਾਵਾਂ ਦੀ ਵੀ ਸ਼ਲਾਘਾ ਕੀਤੀ। ਇਹ ਜਾਣਕਾਰੀ ਬਲਦੇਵ ਰਾਜ ਭਾਰਦਵਾਜ, ਵਿੱਤ ਸਕੱਤਰ, ਅੰਬੇਡਕਰ ਭਵਨ ਟਰੱਸਟ ਦੁਆਰਾ ਇੱਕ ਪ੍ਰੈਸ ਬਿਆਨ ਵਿੱਚ ਦਿੱਤੀ ਗਈ।

**ਬਲਦੇਵ ਰਾਜ ਭਾਰਦਵਾਜ**
**ਵਿੱਤ ਸਕੱਤਰ,**
**ਅੰਬੇਡਕਰ ਭਵਨ ਟਰੱਸਟ**
**(ਰਜਿ.)**

# ਸਾਹਿਬ ਸ਼੍ਰੀ ਕਾਂਸ਼ੀ ਰਾਮ ਜੀ ਦੇ ਪ੍ਰੀ- ਨਿਰਵਾਣ ਦਿਵਸ ਤੇ 9 ਅਕਤੂਬਰ ਨੂੰ ਹੋਵੇਗੀ ਇਤਿਹਾਸਕ 'ਤਖਤ ਬਦਲ ਦਿਓ ਤਾਜ ਬਦਲ ਦਿਓ ਮਹਾਰੈਲੀ' : ਕਰੀਮਪੁਰੀ

**ਗੁਰਦਾਸਪੁਰ( ਚਰਨਜੀਤ ਸੱਲ੍ਹਾਂ )** ਗੁਰਦਾਸਪੁਰ ਵਿਖੇ ਬਹੁਜਨ ਸਮਾਜ ਪਾਰਟੀ ਵੱਲੋਂ ਪਠਾਨਕੋਟ ਅਤੇ ਗੁਰ-ਦਾਸਪੁਰ ਦੀ ਲੀਡਰਸ਼ਿਪ ਦੀ ਮੀਟਿੰਗ ਕਰਕੇ ਨੌ ਅਕਤੂਬਰ ਨੂੰ ਫਲੋਰ ਪਹੁੰਚਣ ਦਾ ਸੱਦਾ ਦਿੱਤਾ, ਇਸ ਮੌਕੇ ਤੇ ਪਾਰਟੀ ਦੇ ਸਟੇਟ ਕੁਆਰਡੀਨੇਟਰ ਚੌਧਰੀ ਗੁਰਨਾਮ ਸਿੰਘ ਸਟੇਟ ਬੀਐਸਪੀ ਦੇ ਸੈਕਟਰੀ ਸਰਦਾਰ ਜਸਵੀਰ ਸਿੰਘ,ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਜੇਪੀ ਭਗਤ,ਮੋਹਣ ਸਿੰਘ ਜ਼ਿਲ੍ਹਾ ਪ੍ਰਧਾਨ ਪਠਾਨਕੋਟ, ਐਡਵੋਕੇਟ ਹਰਮੀਤ ਸਿੰਘ, ਇੰਜੀਨੀਅਰ ਰਾਜ ਜਨੋਤਰਾ ਅਤੇ





ਸੁਰਿੰਦਰ ਚੌਧਰੀ ਤੋਂ ਇਲਾਵਾ ਪਾਰਟੀ ਦੇ ਵਰਕਰ ਅਤੇ ਸਮਰਥਕ ਵੀ ਹਾਜ਼ਰ ਸਨ ਮੀਟਿੰਗ ਵਿੱਚ ਪਾਰਟੀ ਲੀਡਰਸ਼ਿਪ ਅਤੇ ਵਰਕਰਾਂ ਦੀਆਂ ਡਿਊਟੀਆਂ ਰੈਲੀ ਨੂੰ ਕਾਮਯਾਬ ਕਰਨ ਤੇ ਲਗਾਈਆਂ ਗਈਆਂ ਅਤੇ ਪੰਜਾਬ ਸੰਭਾਲੋ ਮਹਿਮ ਨੂੰ ਕਰ ਕਰ ਤੱਕ ਪਹੁੰਚਾਉਣ ਦਾ ਸੱਦਾ ਦਿੱਤਾ ਗਿਆ।

# ਪੰਜਾਬ ਸਰਕਾਰ ਦੇ ਲੋਕਾਂ ਦੀ ਭਲਾਈ ਲਈ ਇਤਿਹਾਸਿਕ ਫ਼ੈਸਲੇ- ਵਿਧਾਇਕਾ ਸੰਤੋਸ਼ ਕਟਾਰੀਆ

**ਬਲਾਚੌਰ ( ਜਤਿੰਦਰ ਪਾਲ ਸਿੰਘ ਕਲੇਰ )** ਵਿਧਾਇਕਾ ਸੰਤੋਸ਼ ਕਟਾਰੀਆ ਨੇ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਿਚ ਹੋਈ ਕੈਬਨਿਟ ਮੀਟਿੰਗ ਵਿਚ ਇੰਡਸਟਰੀ ਦੇ ਲਈ ਇਤਿਹਾਸਕ ਫ਼ੈਸਲਾ ਲਿਆ ਗਿਆ। ਇਸ ਤਹਿਤ ਰਾਈਟ ਟੂ ਬਿਜ਼ਨੈੱਸ ਐਕਟ ਵਿਚ ਕੁਝ ਸੋਧਾਂ ਨੂੰ ਮਨਜ਼ੂਰੀ ਦਿੱਤੀ ਗਈ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਮੈਡਮ ਸੰਤੋਸ਼ ਕਟਾਰੀਆ ਨੇ ਦੱਸਿਆ ਕਿ ਕੈਬਨਿਟ ਵੱਲੋਂ ਇੰਡਸਟਰੀ ਨੂੰ ਹੁਲਾਰਾ ਦੇਣ ਦੇ ਲਈ ਇਕ ਇਤਿਹਾਸਕ ਫ਼ੈਸਲਾ ਲਿਆ ਗਿਆ ਹੈ, ਜਿਸ ਤਹਿਤ ਰਾਈਟ ਟੂ ਬਿਜ਼ਨੈੱਸ ਐਕਟ ਵਿਚ ਸੋਧਾਂ ਨੂੰ ਮਨਜ਼ੂਰੀ ਦਿੱਤੀ ਗਈ ਹੈ। ਉਨ੍ਹਾਂ ਕਿਹਾ ਕਿ ਪਹਿਲਾਂ ਇਸ ਤਹਿਤ ਜੋ ਨਿਰਧਾਰਤ ਹੱਦ 25 ਕਰੋੜ ਰੁਪਏ ਤਕ ਸੀ, ਉਸ ਨੂੰ ਵਧਾ ਕੇ 125 ਕਰੋੜ ਰੁਪਏ ਕਰ ਦਿੱਤਾ ਗਿਆ ਹੈ। ਜੇਕਰ ਕੋਈ ਇੰਡਸਟਰੀ



ਉਸ ਤੋਂ ਉੱਪਰ ਹੈ ਤਾਂ ਵਿਭਾਗ ਵੱਲੋਂ ਉਸ ਨੂੰ ਵੀ ਲੋੜ ਮੁਤਾਬਕ ਵਿਚ ਸ਼ਾਮਲ ਕੀਤਾ ਜਾ ਸਕਦਾ ਹੈ। ਇਸ ਤੋਂ ਇਲਾਵਾ ਉਨ੍ਹਾਂ ਅੱਗੇ ਦੱਸਿਆ ਕਿ ਇਸ ਤਹਿਤ 5 ਮਨਜ਼ੂਰੀਆਂ ਹੋਰ ਵਧਾ ਦਿੱਤੀਆਂ ਗਈਆਂ ਹਨ। ਇਸ ਤਹਿਤ ਹੁਣ ਲੇਬਰ ਵਿਭਾਗ, ਫੈਕਟਰੀ ਲਾਇਸੰਸ, ਕੰਸੈਂਟ ਟੂ ਇਸਟੈਬਲਿਸ਼, ਕੰਸੈਂਟ ਟੂ ਆਪ੍ਰੇਟ (ਪ੍ਰਦੂਸ਼ਣ ਵਿਭਾਗ), ਜੰਗਲਾਤ ਵਿਭਾਗ ਦੀ ਐੱਨ. ਓ ਸੀ. ਨੂੰ ਵੀ ਸ਼ਾਮਲ ਕੀਤਾ ਗਿਆ ਹੈ। ਇਸੇ ਤਰ੍ਹਾਂ ਰਾਈਟ ਟੂ ਬਿਜ਼ਨੈੱਸ ਐਕਟ ਤਹਿਤ ਪਹਿਲਾਂ ਸਿਰਫ਼ ਇੰਡਸਟਰੀਅਲ ਪਾਰਕਾਂ ਵਿਚ ਮਨਜ਼ੂਰਸ਼ੁਦਾ ਇੰਡਸਟਰੀ ਨੂੰ 5 ਦਿਨਾਂ ਵਿਚ ਮਨਜ਼ੂਰੀ ਦਿੱਤੀ ਜਾਂਦੀ ਸੀ, ਪਰ ਹੁਣ ਇਸ ਵਿਚ ਪੁੱਡਾ, ਲੋਕਲ ਬਾਡੀਜ਼ ਦੇ ਰਿਅਲ ਅਸਟੇਟ ਤੋਂ ਮਨਜ਼ੂਰਸ਼ੁਦਾ ਇੰਡਸਟਰੀ ਨੂੰ ਵੀ ਸ਼ਾਮਲ ਕੀਤਾ ਗਿਆ ਹੈ। ਇਸ ਤੋਂ ਇਲਾਵਾ ਬਾਕੀ ਥਾਵਾਂ 'ਤੇ ਨਵੇਂ ਪ੍ਰਾਜੈਕਟਾਂ ਨੂੰ 15 ਦਿਨਾਂ ਵਿਚ (ਸਿਰਫ਼ ਗ੍ਰੀਨ ਤੇ ਆਰੇਂਜ) ਅਤੇ ਪ੍ਰਾਜੈਕਟ ਦੇ ਵਿਸਥਾਰ ਲਈ 18 ਦਿਨਾਂ ਵਿਚ ਮਨਜ਼ੂਰੀ ਦੇ ਦਿੱਤੀ ਜਾਵੇਗੀ। ਇਸ ਤਰ੍ਹਾਂ ਹੁਣ ਵੱਧ ਤੋਂ ਵੱਧ ਇੰਡਸਟਰੀਆਂ ਨੂੰ ਫ਼ਾਈਲ ਸਹੀ ਹੋਣ 'ਤੇ 5 ਤੋਂ 18 ਦਿਨਾਂ ਦੇ ਅੰਦਰ-ਅੰਦਰ ਮਨਜ਼ੂਰੀ ਮਿਲ ਜਾਇਆ ਕਰੇਗੀ ਤੇ ਬੀਬੀ ਜੀ ਨੇ ਦੱਸਿਆ ਕਿ ਮਾਨ ਸਰਕਾਰ ਹਮੇਸ਼ਾ ਲੋਕਾਂ ਦੀ ਭਲਾਈ ਲਈ ਵਚਨਬੱਧ ਹੈ।

# ਏਡਜ ਸੰਬੰਧੀ ਇੰਟੈਸੀਫਾਈਡ ਮੁਹਿੰਮ ਤਹਿਤ ਜਾਗਰੂਕ ਕੈਂਪ ਲਗਾਇਆ

**ਬੰਗਾ, ਸਤੰਬਰ (ਚਰਨਜੀਤ ਸੱਲ੍ਹਾਂ)-:** ਪੰਜਾਬ ਸਟੇਟ ਏਡਜ ਕੰਟਰੋਲ ਸੋਸਾਇਟੀ ਅਤੇ ਸਿਵਲ ਸਰਜਨ ਸਹੀਦ ਭਗਤ ਸਿੰਘ ਨਗਰ ਦੇ ਦਿਸ਼ਾ ਨਿਰਦੇਸ਼ ਅਨੁਸਾਰ ਡਾ. ਚਰਨਜੀਤ ਸਿੰਘ ਐਸ.ਐਮ.ਓ, ਪੀ.ਐੱਚ.ਸੀ ਸੁੱਜੋ ਅਤੇ ਡਾ. ਜਸਵਿੰਦਰ ਸਿੰਘ ਐਸ.ਐਮ.ਓ ਬੰਗਾ ਦੀ ਅਗਵਾਈ ਹੇਠ ਪਿੰਡ ਹਏਨਵਿਖੇ ਲੋਕਾਂ ਨੂੰ ਏਡਜ ਸੰਬੰਧੀ ਇੰਟੈਸੀਫਾਈਡ ਮੁਹਿੰਮ ਤਹਿਤ ਜਾਗਰੂਕ ਕੀਤਾ ਗਿਆ। ਇਸ ਮੌਕੇ ਸ਼੍ਰੀਮਤੀ ਰਾਬੀਆ ਕੌਂਸਲਰ ਸੀਐਚਸੀ ਬੰਗਾ ਨੇ ਪਿੰਡ ਦੇ ਸਰਪੰਚ ਪਿਰਓ ਰਓਮ, ਦੇ ਸਹਿਯੋਗ ਨਾਲ ਘਰ ਘਰ ਜਾ ਐਚ ਆਈ ਵੀ ਅਤੇ ਏਡਜ ਬਾਰੇ ਲੋਕਾਂ ਨੂੰ ਜਾਣਕਾਰੀ ਦਿੰਦੇ ਹੋਏ ਜਾਗਰੂਕ ਕੀਤਾ ਅਤੇ ਨੁਕੜ ਮੀਟਿੰਗ ਕਰਕੇ ਇਸ ਮੁਹਿੰਮ ਨੂੰ ਹੋਰ ਲੋਕਾਂ ਤੱਕ ਪਹੁੰਚਾਉਣ ਲਈ ਕਿਹਾ ਗਿਆ।





**ਪਿੰਡ ਹਏਨ ਵਿਖੇ ਏਡਜ ਸੰਬੰਧੀ ਇੰਟੈਸੀਫਾਈਡ ਮੁਹਿੰਮ ਤਹਿਤ ਲੋਕਾਂ ਨੂੰ ਜਾਗਰੂਕ ਸ਼੍ਰੀਮਤੀ ਰਾਬੀਆ ਕੌਂਸਲਰ ਨਾਲ ਹੋਰ।**

# ਕੇਸੀ ਫਾਰਮੇਸੀ ਕਾਲਜ ਵਿਖੇ ਵਿਸ਼ਵ ਫਾਰਮਾਸਿਸਟ ਦਿਵਸ ਮਨਾਇਆ

**● ਨਮਨਪ੍ਰੀਤ ਗਰੁੱਪ ਨੇ ਪੋਸਟਰ ਮੁਕਾਬਲੇ ’ਚ ਅਤੇ ਸਿਮਰਨ ਗਰੁੱਪ ਨੇ ਰੰਗੋਲੀ ’ਚ ਪਾਇਆ ਪਹਿਲਾ ਸਥਾਨ ● ਫਾਰਮਾਸਿਸਟ ਹਮੇਸ਼ਾ ਲੋਕਾਂ ਦੀ ਭਲਾਈ ਲਈ ਤਿਆਰ ਰਹਿੰਦੇ ਹਨ – ਡਾ. ਰਾਣਾ**

**ਨਵਾਂਸ਼ਹਿਰ, (ਜਤਿੰਦਰ ਪਾਲ ਸਿੰਘ ਕਲੇਰ )** ਕੇਸੀ ਕਾਲਜ ਆਫ਼ ਫਾਰਮੇਸੀ ਵਿਖੇ ਕੈਂਪਸ ਡਾਇਰੈਕਟਰ ਡਾ. ਅਵਤਾਰ ਚੰਦ ਰਾਣਾ ਦੀ ਦੇਖਰੇਖ ’ਚ ਵਿਸ਼ਵ ਫਾਰਮਾਸਿਸਟ ਦਿਵਸ ਮਨਾਉਂਦੇ ਹੋਏ ਕਾਲਜ ਦੇ 40 ਵਿਦਿਆਰਥੀਆਂ ਨੇ ਪੋਸਟਰ ਮੇਕਿੰਗ ਅਤੇ ਰੰਗੋਲੀ ਮੁਕਾਬਲਿਆਂ ’ਚ ਹਿੱਸਾ ਲਿਆ। ਕਾਲਜ ਪ੍ਰਿੰਸੀਪਲ ਡਾ. ਸੰਦੀਪ ਕਲਸੀ ਨੇ ਦੱਸਿਆ ਕਿ ਵਿਦਿਆਰਥੀਆਂ ਨੇ ਫਾਰਮਾਸਿਸਟ ਦਿਵਸ ਅਤੇ ਦਵਾਈ, ਡਾਕਟਰੀ ਪੇਸ਼ ਨਾਲ ਸਬੰਧਿਤ ਸਮਾਨ ਨੂੰ ਦਰਸਾਉਂਦੇ ਪੋਸਟਰ ਅਤੇ ਰੰਗੋਲੀਆਂ ਬਣਾਈਆਂ। ਪ੍ਰੋਗਰਾਮ ਕੋਆਰਡੀਨੇਟਰ ਰੂਬਲ ਸਿੰਘ, ਨਿਧਿਕਾ, ਤਵਲੀਨ ਕੌਰ ਅਤੇ ਕਮਲਜੀਤ ਕੌਰ ਨੇ ਦੱਸਿਆ ਕਿ ਰੰਗੋਲੀ ਮੁਕਾਬਲੇ ’ਚ ਸਿਮਰਨ ਦੇ ਗਰੁੱਪ ਨੇ ਪਹਿਲਾ, ਚਾਹਤ ਦੇ ਗਰੁੱਪ ਨੇ ਦੂਜਾ ਅਤੇ ਨਵਜੋਤ ਅਤੇ ਭਿੰਦਰਜੀਤ ਦੇ ਗਰੁੱਪ ਨੇ ਸਾਂਝੇ ਤੌਰ ’ਤੇ ਤੀਜਾ ਸਥਾਨ ਪ੍ਰਾਪਤ ਕੀਤਾ। ਇਸੇ ਤਰ੍ਹਾਂ ਪੋਸਟਰ ਮੁਕਾ-ਬਲੇ ’ਚ ਨਮਨਪ੍ਰੀਤ ਦੇ ਗਰੁੱਪ ਨੇ ਪਹਿਲਾ, ਅਮ੍ਰਿਤਾ ਦੇ ਗਰੁੱਪ ਨੇ ਦੂਜਾ ਅਤੇ ਕਿਰਨਜੋਤ ਕੌਰ ਅਤੇ ਦਿਲਕੀਰਤ ਦੇ ਗਰੁੱਪ ਨੇ ਸਾਂਝੇ ਤੌਰ ’ਤੇ ਤੀਜਾ ਸਥਾਨ ਪ੍ਰਾਪਤ ਕੀਤਾ। ਡਾ. ਸੰਦੀਪ ਕਲਸੀ ਨੇ ਦੱਸਿਆ ਕਿ ਇਸ ਸਾਲ ਫਾਰਮਾਸਿਸਟ ਦਿਵਸ ਦਾ ਥੀਮ ਸਿਹਤ ਬਾਰੇ ਸੋਚੋ, ਫਾਰਮਾਸਿਸਟ ਬਾਰੇ ਸੋਚੋ ਹੈ। ਵਿਸ਼ਵ ਫਾਰਮਾਸਿਸਟ ਦਿਵਸ ਮਨਾਉਣ ਦਾ ਉਦੇਸ਼ ਦੁਨੀਆ ਭਰ ਦੇ ਫਾਰਮਾਸਿਸਟਾਂ ਨੂੰ ਉਨ੍ਹਾਂ ਦੇ ਯੋਗਦਾਨ ਲਈ ਸਨਮਾਨਤ ਕਰਣਾ ਅਤੇ ਫਾਰਮੇਸੀ ਦੇ ਪੇਸ਼ੇ ਨੂੰ ਉਤਸ਼ਾਹਿਤ ਕਰਨਾ ਹੈ। ਡਾਕਟਰਾਂ ਦੇ ਨਾਲ-ਨਾਲ, ਫਾਰਮਾਸਿਸਟ ਵੀ ਸਾਨੂੰ ਸਿਹਤਮੰਦ ਰੱਖਣ ਅਤੇ ਵੱਖੋ-ਵੱਖ ਬਿਮਾਰੀਆਂ ਨੂੰ ਠੀਕ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ। ਫਾਰਮਾਸਿਸਟ, ਜਿਨ੍ਹਾਂ ਨੂੰ ਕੈਮਿਸਟ ਵੀ ਕਿਹਾ ਜਾਂਦਾ ਹੈ, ਉਹ ਵਿਅਕਤੀ ਹਨ ਜਿਨ੍ਹਾਂ ਨੂੰ ਦਵਾਈਆਂ ਦਾ ਵਿਆਪਕ ਗਿਆਨ ਹੁਦਾ ਹੈ। ਕੈਂਪਸ ਡਾਇਰੈਕਟਰ ਡਾ. ਅਵਤਾਰ ਚੰਦ ਰਾਣਾ ਨੇ ਦੱਸਿਆ ਕਿ ਤੁਰਕੀ, ਇਸਤਾਂਬੁਲ ’ਚ ਫਾਰਮੇਸੀ ਅਤੇ ਫਾਰਮਾਸਿਊਟੀਕਲ ਸਾਇੰਸ ਦੀ ਵਿਸ਼ਵ ਕਾਨਫਰੰਸ ’ਚ ਐਫਆਈਪੀ ਦੀ ਸਥਾਪਨਾ ਕੀਤੀ ਗਈ ਸੀ। 25 ਸਤੰਬਰ ਨੂੰ ਇਸ ਲਈ ਚੁਣਿਆ ਗਿਆ ਸੀ ਕਿਉਂਕਿ ਇਸ ਦਿਨ 1912 ’ਚ ਐਫਆਈਪੀ ਦੀ ਸਥਾਪਨਾ ਹੋਈ ਸੀ। ਇਸ ਦਿਨ ਦਾ ਉਦੇਸ਼ ਦੁਨੀਆ ਭਰ ਦੇ ਸਾਰੇ ਫਾਰਮਾਸਿਸਟਾਂ ਦਾ ਧੰਨਵਾਦ ਕਰਨਾ ਅਤੇ ਉਨ੍ਹਾਂ ਦੇ ਕੰਮ ਨੂੰ ਉਜਾਗਰ ਕਰਨਾ ਹੈ। ਫਾਰਮਾਸਿਸਟ ਹਮੇਸ਼ਾ ਲੋਕਾਂ ਦੀ ਭਲਾਈ ਲਈ ਵਚਨਬੱਧ ਰਹਿੰਦੇ ਹਨ। ਜਜਮੈਂਟ ਦੀ ਭੂਮਿਕਾ ਕੈਂਪਸ ਡਾਇਰੈਕਟਰ ਡਾ. ਏ.ਸੀ. ਰਾਣਾ, ਡਾ. ਬਲਜੀਤ ਕੌਰ ਅਤੇ ਡਾ. ਕੁਲਜਿੰਦਰ ਕੌਰ ਨੇ ਸਾਂਝੇ ਤੌਰ ’ਤੇ ਕੀਤੀ। ਜੇਤੂਆਂ ਨੂੰ ਸਰਟੀਫਿਕੇਟ ਦੇ ਕੇ ਸਨਮਾਨਤ ਕੀਤਾ ਗਿਆ। ਸਾਰੇ ਫਾਰਮਾਸਿਸਟਾਂ ਨੂੰ ਆਪਣੇ ਫਰਜ਼ ਇਮਾਨਦਾਰੀ ਨਾਲ ਨਿਭਾਉਣ ਦੀ ਸਹੁੰ ਚੁਕਾਈ ਗਈ।





**ਡਾ. ਏ.ਸੀ. ਰਾਣਾ, ਡਾ. ਬਲਜੀਤ ਕੌਰ, ਅਤੇ ਡਾ. ਕੁਲਜਿੰਦਰ ਕੌਰ ਜਜਮੈਂਟ ਕਰਦੇ ਹੋਏ। ਕਾਲਜ ਪ੍ਰਿੰਸੀਪਲ ਡਾ. ਸੰਦੀਪ ਕਲਸੀ, ਡਾ. ਏ.ਸੀ. ਰਾਣਾ, ਅਤੇ ਹੋਰ ਸਟਾਫ ਪੋਸਟਰ ਅਤੇ ਰੰਗੋਲੀ ਜੇਤੂਆਂ ਨਾਲ।**

for more news visit:
www.samajweekly.com

# ਸੱਚਦੇਵਾ ਸਟਾਕਸ ਵਾਕਥੌਨ ਪ੍ਰਤੀ ਵਿਦਿਆਰਥੀਆਂ ਨੂੰ ਦਿੱਤੀ ਜਾਣਕਾਰੀ

## ਸਰਕਾਰੀ ਸਕੂਲ ਸ਼ੇਰਗੜ੍ਹ ਵਿੱਚ ਬੱਚਿਆਂ ਨੂੰ ਕੀਤਾ ਗਿਆ ਲਾਮਬੰਦ

**ਹੁਸ਼ਿਆਰਪੁਰ (ਤਰਸੇਮ ਦੀਵਾਨਾ)** – ਫਿੱਟ ਬਾਈਕਰ ਕਲੱਬ ਹੁਸ਼ਿਆਰਪੁਰ ਵੱਲੋਂ 2 ਨਵੰਬਰ 2025 ਨੂੰ 5 ਕਿਲੋਮੀਟਰ ਦੀ ਕਰਵਾਈ ਜਾ ਰਹੀ ਸੱਚਦੇਵਾ ਸਟਾਕਸ ਹੁਸ਼ਿਆਰਪੁਰ ਵਾਕਥੌਨ ਪ੍ਰਤੀ ਸਕੂਲਾਂ ਦੇ ਵਿਦਿਆਰਥੀਆਂ ਨੂੰ ਲਾਮਬੰਦ ਕਰਨ ਲਈ ਕਲੱਬ ਦੇ ਮੈਂਬਰ ਕਲੱਬ ਪ੍ਰਧਾਨ ਪਰਮਜੀਤ ਸੱਚਦੇਵਾ ਦੀ ਅਗਵਾਈ ਹੇਠ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਸ਼ੇਰਗੜ੍ਹ ਵਿੱਚ ਪੁੱਜੇ ਤੇ ਇਸ ਦੌਰਾਨ ਪਰਮਜੀਤ ਸੱਚਦੇਵਾ ਵੱਲੋਂ ਇਸ ਵਾਕਥੌਨ ਪ੍ਰਤੀ ਵਿਦਿਆਰਥੀਆਂ ਨੂੰ ਜਾਣਕਾਰੀ ਦਿੱਤੀ ਗਈ ਤੇ ਉਨ੍ਹਾਂ ਨੂੰ ਇਸ ਪ੍ਰੋਗਰਾਮ ਦਾ ਹਿੱਸਾ ਬਣਨ ਦੀ ਅਪੀਲ ਵੀ ਕੀਤੀ ਗਈ। ਇਸ ਸਮੇਂ ਪਰਮਜੀਤ ਸੱਚਦੇਵਾ ਨੇ ਕਿਹਾ ਕਿ ਫਿੱਟ ਬਾਈਕਰ ਕਲੱਬ ਵੱਲੋਂ ਸਮੇਂ-ਸਮੇਂ 'ਤੇ ਕਰਵਾਈਆਂ ਜਾਣ ਵਾਲੀਆਂ ਅਜਿਹੀਆਂ ਗਤੀਵਿਧੀਆਂ ਸਮਾਜ ਨੂੰ ਅੱਗੇ ਲੈ ਕੇ ਜਾਣ ਦੀਆਂ ਕੋਸ਼ਿਸ਼ਾਂ ਹਨ ਤਾਂ ਜੋ ਇੱਕ ਨਿਰੋਏ ਤੇ ਸੇਹਤਮੰਦ ਸਮਾਜ ਦੀ ਸਿਰਜਣਾ ਕੀਤੀ ਜਾ ਸਕੇ। ਉਨ੍ਹਾਂ ਵਿਦਿਆਰਥੀਆਂ ਨੂੰ ਦੱਸਿਆ ਕਿ ਇਹ ਵਾਕਥੌਨ ਸਾਡੇ ਉੱਘੇ ਐਥਲੀਟ ਸਵ. ਫੌਜਾ ਸਿੰਘ ਨੂੰ ਸਮਰਪਿਤ ਕੀਤੀ ਜਾ ਰਹੀ ਹੈ। ਪਰਮਜੀਤ ਸੱਚਦੇਵਾ ਨੇ ਦੱਸਿਆ ਕਿ ਇਸ ਵਾਕਥੌਨ ਵਿੱਚ ਹਰ ਇੱਕ ਸ਼ਹਿਰ ਵਾਸੀ ਭਾਗ ਲੈ ਸਕੇਗਾ ਅਤੇ ਇਸ ਤੋਂ ਇਲਾਵਾ 8 ਸਾਲ ਤੱਕ ਦੇ ਬੱਚਿਆਂ ਲਈ 5 ਕਿਲੋਮੀਟਰ ਦੀ ਸਾਈਕਲੋਥਾਨ ਵੀ ਕਰਵਾਈ ਜਾ ਰਹੀ ਹੈ, ਬੱਚਿਆਂ ਲਈ ਖਾਸ ਸਹੂਲਤ ਇਹ ਰਹੇਗੀ ਕਿ ਉਹ ਵਾਕਥੌਨ ਜਾ ਸਾਈਕਲੋਥਾਨ ਕਿਸੇ ਵੀ ਈਵੇਂਟ ਦਾ ਹਿੱਸਾ ਬਣ ਸਕਣਗੇ। ਉਨ੍ਹਾਂ ਅੱਗੇ ਦੱਸਿਆ ਕਿ ਇਸ ਲਈ 50 ਰੁਪਏ ਰਜਿਸਟਰੇਸ਼ਨ ਫੀਸ ਰੱਖੀ ਗਈ ਹੈ ਤੇ ਇਸ ਨਾਲ ਜੋ ਵੀ ਪੈਸਾ ਇਕੱਠਾ ਹੋਵੇਗਾ ਉਹ ਸਾਰਾ ਜੇ.ਐੱਸ.ਐੱਸ.ਆਸ਼ਾ ਕਿਰਨ ਸਪੈਸ਼ਲ ਸਕੂਲ ਜਹਾਨਖੇਲਾ ਨੂੰ ਦਾਨ ਵਜੋਂ ਦਿੱਤਾ ਜਾਵੇਗਾ ਤਾਂ ਜੋ ਸਪੈਸ਼ਲ ਬੱਚਿਆਂ ਲਈ ਭਲਾਈ ਹੋ ਸਕੇ। ਪਰਮਜੀਤ ਸੱਚਦੇਵਾ ਨੇ ਦੱਸਿਆ ਕਿ ਇਸ ਈਵੇਂਟ ਵਿੱਚ ਭਾਗ ਲੈਣ ਵਾਲਿਆਂ ਨੂੰ ਮੈਡਲ, ਟੀ-ਸ਼ਰਟ ਅਤੇ ਰਿਫਰੈਸ਼ਮੈਂਟ ਕਲੱਬ ਵੱਲੋਂ ਦਿੱਤੀ ਜਾਵੇਗੀ ਤੇ ਇਹ ਵਾਕਥੌਨ ਸਥਾਨਕ ਲਾਜਵੰਤੀ ਸਟੇਡੀਅਮ ਤੋਂ ਸ਼ੁਰੂ ਹੋਵੇਗੀ। ਇਸ ਮੌਕੇ ਪ੍ਰਿੰਸੀਪਲ ਰਾਜਨ ਅਰੋੜਾ, ਲੈਕ. ਬਲਵਿੰਦਰ ਸਿੰਘ, ਲੈਕ. ਅਨੀਤਾ ਕੁਮਾਰੀ, ਇੰਦੂ ਬਾਲਾ, ਲੈਕ. ਸਵੀਤਾ, ਉੱਤਮ ਸਿੰਘ ਸਾਬੀ, ਗੁਰਮੇਲ ਸਿੰਘ, ਅਮਰਿੰਦਰ ਸੈਣੀ, ਸਾਗਰ ਸੈਣੀ, ਅਮਰਿੰਦਰ ਸੈਣੀ, ਮੁਨੀਰ ਨਾਜਰ, ਦੌਲਤ ਸਿੰਘ, ਸੰਜੀਵ ਸੋਹਲ, ਰਹਿਤ ਬਸੀ, ਓਂਕਾਰ ਸਿੰਘ, ਤਰਲੋਚਨ ਸਿੰਘ, ਸੌਰਭ ਸ਼ਰਮਾ, ਗੁਰਵਿੰਦਰ ਸਿੰਘ ਵੀ ਮੌਜੂਦ ਸਨ। **ਫੋਟੋ ਅਜਮੇਰ ਦੀਵਾਨਾ**



# ਪਿੰਡ ਚਾਹਲ ਜੱਟਾਂ ਵਿਖੇ ਗੰਦੇ ਪਾਣੀ ਦੀ ਨਿਕਾਸੀ ਨਾ ਹੋਣ ਕਾਰਨ ਲੋਕਾਂ ਦੇ ਘਰਾਂ ਨੇੜੇ ਗੰਦੇ ਪਾਣੀ ਨੇ ਧਾਰਿਆ ਛੱਪੜ ਦਾ ਰੂਪ

## ਪਿੰਡ ਦੇ ਲੋਕਾਂ ਵਿਚ ਬਿਮਾਰੀਆਂ ਫੈਲਣ ਦਾ ਡਰ, ਸਰਕਾਰ ਜੀ ਜਰਾ ਇੱਧਰ ਵੀ ਦੇਖੋ

**ਨਵਾਂਸ਼ਹਿਰ /ਕਾਠਗੜ੍ਹ, 25 ਸਤੰਬਰ (ਜਤਿੰਦਰ ਪਾਲ ਸਿੰਘ ਕਲੇਰ )** ਕਾਠਗੜ੍ਹ ਦੇ ਨੇੜੇ ਪਿੰਡ ਚਾਹਲ ਜੱਟਾਂ ਵਿੱਚ ਲੰਬੇ ਸਮੇਂ ਤੋਂ ਗੰਦੇ ਪਾਣੀ ਦੀ ਨਿਕਾਸੀ ਨਾ ਹੋਣ ਕਾਰਨ ਗੰਦੇ ਪਾਣੀ ਛੱਪੜ ਦਾ ਰੂਪ ਧਾਰਨ ਕਰ ਚੁੱਕਿਆ ਹੈ। ਇਸ ਗੰਦੇ ਪਾਣੀ ਕਾਰਨ ਨਜ਼ਦੀਕੀ ਘਰਾਂ ਦੇ ਵਸਨੀਕਾਂ ਨੂੰ ਜਿੱਥੇ ਹਰ ਸਮੇਂ ਬਿਮਾਰੀਆਂ ਦਾ ਡਰ ਸਤਾਉਂਦਾ ਹੈ ਉਥੇ ਹੀ ਗੰਦਗੀ ਤੋਂ ਆ ਰਹੀ ਬਦਬੂ ਵੀ ਲੋਕਾਂ ਲਈ ਪਰੇਸ਼ਾਨੀ ਦਾ ਕਾਰਨ ਬਣੀ ਹੋਈ ਹੈ ਪ੍ਰੰਤੂ ਇਸ ਸਮੱਸਿਆ ਨੂੰ ਹੱਲ ਕਰਨ ਵਿੱਚ ਪੰਚਾਇਤ ਬੇਵਸ ਲਾਚਾਰ ਨਜ਼ਰ ਆ ਰਹੀ ਹੈ।

ਪਿੰਡ ਚਾਹਲ ਜੱਟਾਂ ਦੇ ਵਸਨੀਕਾਂ ਜਸਵਿੰਦਰ ਸਿੰਘ, ਹਰਜਿੰਦਰ ਸਿੰਘ, ਬਲਵਿੰਦਰ ਸਿੰਘ, ਮੋਹਣ ਸਿੰਘ, ਅਵਤਾਰ ਸਿੰਘ, ਮਨਜੀਤ ਸਿੰਘ, ਸੁਖਵਿੰਦਰ ਸਿੰਘ ਆਦਿ ਨੇ ਦੁਖੀ ਮਨ ਨਾਲ ਦੱਸਿਆ ਕਿ ਕਈ ਸਾਲ ਪਹਿਲਾਂ ਪਿੰਡ ਦਾ ਗੰਦਾ ਪਾਣੀ ਨਿਕਾਸੀ ਨਾਲੇ ਵੱਲ ਜਾਂਦਾ ਰਹਿੰਦਾ ਸੀ ਲੇਕਿਨ ਇੱਕ ਘਰ ਵੱਲੋਂ ਪਾਣੀ ਦੀ ਨਿਕਾਸੀ ਨੂੰ ਰੋਕਣ ਕਾਰਨ ਦੂਜੇ ਸਾਰੇ ਘਰਾਂ ਦਾ ਪਾਣੀ ਆਟਾ ਚੱਕੀ ਦੇ ਸਾਹਮਣੇ ਸੜਕ ਅਤੇ ਗਲੀ ਵਿੱਚ ਜਮਾਂ ਹੋਣਾ ਸ਼ੁਰੂ ਹੋ ਗਿਆ ਅਤੇ ਇਹ ਪਾਣੀ ਹੌਲੀ ਹੌਲੀ ਛੱਪੜ ਦਾ ਰੂਪ ਧਾਰ ਗਿਆ। ਉਹਨਾਂ ਦੱਸਿਆ ਕਿ ਜਦੋਂ ਮੀਂਹ ਪੈਂਦਾ ਹੈ ਤਾਂ ਇਹ ਪਾਣੀ ਆਲੇ ਦੁਆਲੇ ਗਲੀਆਂ ਜਾਂ ਖਾਲੀ ਜਗ੍ਹਾ ਵਿੱਚ ਫੈਲ ਜਾਂਦਾ ਹੈ। ਨਿਵਾਸੀਆਂ ਨੇ ਦੱਸਿਆ ਕਿ ਇਸ ਗੰਦੇ ਪਾਣੀ ਨਾਲ ਘਰਾਂ ਦੀਆਂ ਕੰਧਾਂ ਨੂੰ ਸਲਾਬ ਪੈ ਚੁੱਕੀ ਹੈ ਅਤੇ ਹਰ ਸਮੇਂ ਆ ਰਹੀ ਗੰਦੀ ਬਦਬੂ ਕਾਰਨ ਉਹਨਾਂ ਦਾ ਰਹਿਣਾ ਦੁਭਰ ਹੋ ਚੁੱਕਾ ਹੈ। ਇਸ ਤੋਂ ਇਲਾਵਾ ਇੱਕਾ ਦੁੱਕਾ ਘਰਾਂ ਦੇ ਪਰਿਵਾਰਿਕ ਮੈਂਬਰ ਇਸ ਗੰਦਗੀ ਕਾਰਨ ਬਿਮਾਰ ਚਲੇ ਆ ਰਹੇ ਹਨ ਉਹਨਾਂ ਦੱਸਿਆ ਕਿ ਗੰਦਗੀ ਕਾਰਨ ਹੋਰ ਵੀ ਖਤਰਨਾਕ ਬਿਮਾਰੀਆਂ ਦੇ ਫੈਲਣ ਦਾ ਡਰ ਹੈ ਜਦਕਿ ਸਿਹਤ ਵਿਭਾਗ ਵੱਲੋਂ ਲੋਕਾਂ ਨੂੰ ਡੇਂਗੂ ਅਤੇ ਮਲੇਰੀਏ ਤੋਂ ਬਚਣ ਲਈ ਜਾਗਰੂਕ ਤਾਂ ਕੀਤਾ ਜਾ ਰਿਹਾ ਹੈ ਪ੍ਰੰਤੂ ਇਸ ਪਾਸੇ ਨਾ ਸਿਹਤ ਵਿਭਾਗ ਧਿਆਨ ਦੇ ਰਿਹਾ ਹੈ ਤੇ ਨਾ ਹੀ ਪ੍ਰਸ਼ਾਸਨ। ਉਹਨਾਂ ਦੱਸਿਆ ਕਿ ਪਿੰਡ ਵਿੱਚ ਕਈ ਪੰਚਾਇਤਾਂ ਆਪਣਾ ਸਮਾਂ ਟਪਾ ਕੇ ਜਾ ਚੁੱਕੀਆਂ ਹਨ ਪ੍ਰੰਤੂ ਕਿਸੇ ਵੀ ਪੰਚਾਇਤ ਨੇ ਇਸ ਗੰਦੇ ਪਾਣੀ ਦਾ ਹੱਲ ਨਹੀਂ ਕੀਤਾ। ਉਹਨਾਂ ਦੱਸਿਆ ਕਿ ਇਸ ਸਮੱਸਿਆ ਸਬੰਧੀ ਉਹਨਾਂ ਪ੍ਰਸ਼ਾਸਨ ਨੂੰ ਵੀ ਗੁਹਾਰ ਲਗਾਈ ਸੀ ਲੇਕਿਨ ਪ੍ਰਸ਼ਾਸਨ ਨੇ ਵੀ ਇਸ ਵੱਲ ਤਵੱਜੋਂ ਨਹੀਂ ਦਿੱਤੀ। ਇਸ ਪਰੇਸ਼ਾਨੀ ਨਾਲ ਜੂਝ ਰਹੇ ਪਿੰਡ ਨਿਵਾਸੀਆਂ ਨੇ ਦੱਸਿਆ ਕਿ ਜੇਕਰ ਪ੍ਰਸ਼ਾਸਨ ਵੀ ਲੋਕਾਂ ਦੇ ਮਸਲੇ ਹੱਲ ਨਹੀਂ ਕਰ ਸਕਦਾ ਤਾਂ ਫਿਰ ਲੋਕ ਕਿੱਥੇ ਜਾਣ।

ਗੰਦੇ ਪਾਣੀ ਦੀ ਸਮੱਸਿਆ ਤੋਂ ਪਰੇਸ਼ਾਨ ਚਾਹਲ ਜੱਟਾਂ ਨਿਵਾਸੀਆਂ ਨੇ ਜ਼ਿਲ੍ਹਾ ਪ੍ਰਸ਼ਾਸਨ ਅਤੇ ਪੰਚਾਇਤ ਵਿਭਾਗ ਤੋਂ ਮੰਗ ਕੀਤੀ ਹੈ ਕਿ ਪਿੰਡ ਵਿੱਚ ਗੰਦੇ ਪਾਣੀ ਦੀ ਸਮੱਸਿਆ ਦਾ ਹੱਲ ਪਹਿਲ ਦੇ ਆਧਾਰ 'ਤੇ ਕੀਤਾ ਜਾਵੇ ਤਾਂ ਜੋ ਲੋਕਾਂ ਨੂੰ ਗੰਦਗੀ ਭਰੇ ਮਾਹੌਲ ਤੋਂ ਰਾਹਤ ਮਿਲ ਸਕੇ ਅਤੇ ਉਹ ਬਿਮਾਰੀਆਂ ਦੀ ਲਪੇਟ ਵਿੱਚ ਨਾ ਆਉਣ।

ਕੈਪਸ਼ਨ :



**ਪਿੰਡ ਚਾਹਲ ਜੱਟਾਂ ਵਿਖੇ ਰਿਹਾਇਸ਼ੀ ਘਰਾਂ ਦੇ ਨੇੜੇ ਜਮਾਂ ਗੰਦੇ ਪਾਣੀ ਨੂੰ ਦਿਖਾਉਂਦੇ ਹੋਏ ਪਿੰਡ ਵਾਸੀ।**

## ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ ਪ੍ਰਤੀ ਮੁੱਖ ਅਧਿਆਪਕਾ ਨੂੰ ਜਾਗਰੂਕ ਕਰਨ ਸਬੰਧੀ ਇੱਕ ਰੋਜ਼ਾ ਵਰਕਸ਼ਾਪ ਲਗਾਈ



**ਰਾਏਕੋਟ, ਸਤੰਬਰ ( ਗੁਰਭਿੰਦਰ ਗੁਰੀ )** ਸਿੱਖਿਆ ਵਿਭਾਗ ਦੀਆਂ ਹਦਾਇਤਾਂ, ਬੀਪੀਈਓ ਇਤਬਾਰ ਸਿੰਘ ਨੱਥੋਵਾਲ ਦੇ ਦਿਸ਼ਾ-ਨਿਰਦੇਸ਼ ਤੇ ਸੈਂਟਰ ਮੁੱਖ ਅਧਿਆਪਕ ਰਾਜਮਿੰਦਰਪਾਲ ਸਿੰਘ ਪਰਮਾਰ ਦੀ ਅਗਵਾਈ ਹੇਠ ਆਈ.ਈ.ਡੀ.ਕੰਪੋਨੈਂਟ ਅਧੀਨ ਕਲੱਸਟਰ ਰਾਏਕੋਟ ਦੇ ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ ਪ੍ਰਤੀ ਬਲਾਕ ਦੇ ਮੁੱਖ ਅਧਿਆਪਕਾ ਦੀ ਇੱਕ ਰੋਜ਼ਾ ਵਰਕਸ਼ਾਪ ਸਥਾਨਕ ਸ਼ਹਿਰ ਦੇ ਬੀਪੀਈਓ ਦਫਤਰ ਵਿਖੇ ਬਣੇ ਬੀਆਰਸੀ 'ਚ ਆਯੋਜਿਤ ਕੀਤੀ ਗਈ। ਇਸ ਵਰਕਸ਼ਾਪ 'ਚ ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ ਦੇ ਮਾਪ ਨੇ ਵੱਧ ਚੜਕੇ ਭਾਗ ਲਿਆ। ਇਸ ਦੌਰਾਨ ਆਈਈਆਰਟੀ ਹਰਜੀਤ ਸਿੰਘ, ਸੁਖਜੀਤ ਸਿੰਘ ਤੇ ਆਈਈਆਰਟੀ ਮੈਡਮ ਪਰਮਜੀਤ ਕੌਰ ਤੇ ਵੱਲੋਂ ਆਏ ਮੁੱਖ ਅਧਿਆਪਕਾ ਨੂੰ ਸਰਕਾਰ ਵੱਲੋਂ ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ ਨੂੰ ਮਿਲਣ ਵਾਲੀਆਂ ਸਹੂਲਤਾਂ ਬਾਰੇ ਜਾਣਕਾਰੀ ਦਿੱਤੀ ਗਈ। ਉਨ੍ਹਾਂ ਆਈਈਡੀ ਕੰਪੋਨੈਂਟ ਅਧੀਨ ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ ਨੂੰ ਸਰਵੇ ਕਰਕੇ ਸ਼ਨਾਖਤ ਕਰਨ, ਸਕੂਲ ਵਿੱਚ ਦਾਖਲ ਕਰਾਉਣ, ਮੁਫ਼ਤ ਕਿਤਾਬਾਂ, ਪੈਨਸ਼ਨ , ਵਜੀਫ਼ਾ, ਟੀਏ. ਵਰਦੀਆਂ ਆਦਿ ਮਿਲਣ ਵਾਲੀਆਂ ਸਹੂਲਤਾਂ ਬਾਰੇ ਵਿਸਥਾਰ ਪੂਰਵਕ ਦੱਸਿਆ ਗਿਆ। ਉਨ੍ਹਾਂ ਨੇ ਅੱਗੇ ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ ਦੇ ਵਿੱਦਿਅਕ ਟੂਰ, ਬਲਾਕ ਪੱਧਰੀ, ਜਿਲ੍ਹਾ ਪੱਧਰੀ ਅਤੇ ਸਟੇਟ ਪੱਧਰੀ ਵਿਸ਼ੇਸ਼ ਖੇਡਾਂ, ਸੱਭਿਆਚਾਰਕ ਪ੍ਰੋਗਰਾਮ, ਲੋੜਵੰਦ ਵਿਦਿਆਰਥੀਆਂ ਦੀ ਸਰਜਰੀ, ਮੈਡੀਕਲ ਅਸੈਸਮੈਂਟ ਕੈਂਪ, ਮੈਡੀਕਲ ਡਿਸਟ੍ਰਿਬੂਸ਼ਨ ਕੈਂਪ, ਆਈਈਆਰਟੀਜ਼ ਅਤੇ ਆਈਈਏਟੀ ਦੇ ਕੰਮਾਂ, ਰਿਸੋਰਸ ਰੂਮਾਂ ਦੀ ਭੂਮਿਕਾ ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਅੱਗੇ ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ ਦੀ ਪਹਿਚਾਣ, 21 ਡਿਸਬਿਲਟੀਜ਼ (ਅਪੰਗਤਾਵਾਂ), ਯੂਡੀਆਈਡੀ ਕਾਰਡ ਆਦਿ ਬੱਚਿਆਂ ਨੂੰ ਸਿੱਖਿਅਤ ਕਰਨ ਦੀਆਂ ਤਕਨੀਕਾਂ ਬਾਰੇ ਵਿਸਥਾਰ ਨਾਲ ਦੱਸਿਆ ਅਤੇ ਆਏ ਮੁੱਖ ਅਧਿਆਪਕਾ ਨੂੰ ਇਸ ਵਰਗ ਬਾਰੇ ਜਾਗਰੂਕ ਕਰਨ ਲਈ ਯੋਗਦਾਨ ਪਾਉਣ ਲਈ ਪ੍ਰੇਰਿਤ ਕੀਤਾ।

## ਪਰਾਲੀ ਨਾ ਸਾੜਨ ਦਾ ਸੁਨੇਹਾ ਦੇ ਰਹੇ ਨੇ ਸਕੂਲੀ ਵਿਦਿਆਰਥੀ

### ਡਿਪਟੀ ਕਮਿਸ਼ਨਰ ਵੱਲੋਂ ਕਿਸਾਨਾਂ ਨੂੰ ਪਰਾਲੀ ਜਾਂ ਨਾੜ ਨਾ ਸਾੜਨ ਦੀ ਅਪੀਲ




**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)** ਡਿਪਟੀ ਕਮਿਸ਼ਨਰ ਅੰਕੁਰਜੀਤ ਸਿੰਘ ਦੇ ਨਿਰਦੇਸ਼ਾਂ 'ਤੇ ਜਿਲ੍ਹੇ ਦੇ ਸਰਕਾਰੀ ਸਕੂਲਾਂ ਵਿੱਚ ਵਿਦਿਆਰਥੀਆਂ ਨੂੰ ਵਾਤਾਵਰਣ ਦੀ ਸਾਂਭ-ਸੰਭਾਲ ਬਾਰੇ ਜਾਣੂ ਕਰਵਾਉਣ ਸਦਕਾ ਵਿਦਿਆਰਥੀ ਝੋਨੇ ਦੇ ਨਾੜ ਜਾਂ ਪਰਾਲੀ ਨੂੰ ਅੱਗ ਨਾ ਲਾਉਣ ਦਾ ਸੱਦਾ ਦੇ ਰਹੇ ਹਨ। ਕਿਸਾਨਾਂ ਨੂੰ ਪਰਾਲੀ ਨਾ ਸਾੜਨ ਦੀ ਅਪੀਲ ਕਰਦਿਆਂ ਡਿਪਟੀ ਕਮਿਸ਼ਨਰ ਅੰਕੁਰਜੀਤ ਸਿੰਘ ਨੇ ਕਿਹਾ ਕਿ ਪਰਾਲੀ ਨੂੰ ਸਾੜਨ ਨਾਲ ਕੁਦਰਤੀ ਸੋਮਿਆਂ ਦਾ ਨੁਕ-ਸਾਨ ਤਾਂ ਹੁੰਦਾ ਹੀ ਹੈ ਸਗੋਂ ਮਨੁੱਖੀ ਸਿਹਤ, ਮਿੱਟੀ ਦੀ ਉਪਜਾਊ ਸਕਤੀ ਅਤੇ ਮਿੱਤਰ ਕੀੜਿਆਂ ਨੂੰ ਵੀ ਨੁਕਸਾਨ ਪੁੱਜਦਾ ਹੈ । ਉਨ੍ਹਾਂ ਨੇ ਕਿਸਾਨਾਂ ਨੂੰ ਅਪੀਲ ਕੀਤੀ ਕਿ ਜਿਲ੍ਹੇ ਵਿੱਚ ਪਰਾਲੀ ਨੂੰ ਅੱਗ ਲਾਉਣ ਦੇ ਮਾਮਲਿਆਂ ਦਾ ਟੀਚਾ ਇਸ ਖਰੀਫ ਸੀਜਨ ਦੌਰਾਨ ਸਿਫਰ ਮਿੱਥਿਆ ਗਿਆ ਹੈ ਜੋ ਕਿ ਸਾਰਿਆਂ ਦੇ ਸਹਿਯੋਗ ਨਾਲ ਹੀ ਸਰ ਕੀਤਾ ਜਾਵੇਗਾ । ਸਕੂਲੀ ਵਿਦਿਆਰਥੀਆਂ ਵੱਲੋਂ ਪਰਾਲੀ ਨਾ ਸਾੜਨ ਲਈ ਫੈਲਾਈ ਜਾ ਰਹੀ ਜਾਗਰੂਕਤਾ ਦੀ ਸਲਾਘਾ ਕਰਦਿਆਂ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਵਿਦਿਆਰਥੀ ਵੀ ਵਾਤਾਵਰਣ ਪੱਖੀ ਸਰਗਰਮੀਆਂ ਵਿੱਚ ਆਪਣਾ ਯੋਗਦਾਨ ਪਾ ਰਹੇ ਹਨ ਜਿਸ ਨਾਲ ਇਹ ਸੰਦੇਸ ਪਿੰਡ-ਪਿੰਡ ਪਹੁੰਚੇਗਾ । ਇਸੇ ਦੌਰਾਨ ਜਿਲ੍ਹਾ ਸਿੱਖਿਆ ਅਫਸਰ ਅਨੀਤਾ ਸ਼ਰਮਾ ਨੇ ਦੱਸਿਆ ਕਿ ਜਿਲ੍ਹੇ ਦੇ ਕੁੱਲ 211 ਸਰਕਾਰੀ ਸਕੂਲਾਂ ਵਿੱਚ ਪਰਾਲੀ ਜਾ ਨਾੜ ਨੂੰ ਸਾੜਨ ਦੇ ਹਾਨੀਕਾਰਨ ਪ੍ਰਭਾਵਾਂ ਬਾਰੇ ਜਾਣਕਾਰੀ ਦਿੱਤੀ ਜਾ ਰਹੀ ਹੈ ਤਾਂ ਜੋ ਵਿਦਿਆਰਥੀ ਆਪਣੇ ਇਲਾਕਿਆ ਦੇ ਕਿਸਾਨਾਂ ਜਾਂ ਲੋਕਾਂ ਨੂੰ ਇਸ ਰੁਝਾਨ ਨੂੰ ਖਤਮ ਕਰਨ ਦੀ ਅਪੀਲ ਕਰ ਰਹੇ ਹਨ। ਉਨ੍ਹਾਂ ਦੱਸਿਆ ਕਿ ਸਕੂਲਾਂ ਵਿੱਚ ਵਿਦਿਆਰਥੀਆਂ ਲਈ ਪੋਸਟਰ, ਪੈਂਟਿੰਗ ਅਤੇ ਲੇਖ ਮੁਕਾਬਲੇ ਕਰਵਾਕੇ ਪਰਾਲੀ ਦੇ ਸੁਚੱਜੇ ਪ੍ਰਬੰਧਨ 'ਤੇ ਜੋਰ ਦਿੱਤਾ ਜਾ ਰਿਹਾ ਹੈ । ਉਨ੍ਹਾਂ ਦੱਸਿਆ ਕਿ ਵਿਦਿਆਰਥੀਆਂ ਨੂੰ ਇਹ ਵੀ ਦੱਸਿਆ ਜਾ ਰਿਹਾ ਹੈ ਕਿ ਧੂੰਏ ਨਾਲ ਨਾ ਸਿਰਫ ਸਿਹਤ 'ਤੇ ਮਾੜਾ ਅਸਰ ਪੈਂਦਾ ਹੈ ਸਗੋਂ ਬਿਮਾਰੀ ਲੱਗਣ ਦਾ ਵੀ ਖਦਸ਼ਾ ਰਹਿੰਦਾ ਹੈ ।

## ਸੇਵਾਮੁਕਤ ਖੇਤੀਬਾੜੀ ਟੈਕਨੋਕਰੇਟਸ ਐਸੋਸੀਏਸ਼ਨ ਵੱਲੋਂ ਡੀ ਸੀ ਨੂੰ ਹੜ੍ਹ ਪੀੜਤਾਂ ਲਈ 4 ਲੱਖ ਰੁਪਏ ਦਾ ਸਹਿਯੋਗ



**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਪੰਜਾਬ ਵਿਚ ਹਾਲ ਹੀ ਚ ਆਈ ਭਾਰੀ ਬਾਰਿਸ਼ ਅਤੇ ਹੜ੍ਹਾਂ ਤੋਂ ਪ੍ਰਭਾਵਿਤ ਪਰਿਵਾਰਾਂ ਦੀ ਮਦਦ ਲਈ ਸਮਾਜ ਦੇ ਵੱਖ-ਵੱਖ ਵਰਗ ਅੱਗੇ ਆ ਰਹੇ ਹਨ। ਇਸ ਸਬੰਧ ਵਿਚ ਸੇਵਾਮੁਕਤ ਖੇਤੀਬਾੜੀ ਟੈਕਨੋਕਰੇਟਸ ਐਸੋਸੀਏਸ਼ਨ ਦੇ ਮੈਂਬਰਾਂ ਨੇ ਡਿਪਟੀ ਕਮਿਸ਼ਨਰ ਹੁਸ਼ਿਆਰਪੁਰ ਆਸ਼ਿਕਾ ਜੈਨ ਨੂੰ ਪੁਨਰਵਾਸ ਅਤੇ ਰਾਹਤ ਕਾਰਜਾਂ ਲਈ 4 ਲੱਖ ਰੁਪਏ ਦੀ ਰਾਸ਼ੀ ਦਾ ਡਰਾਫਟ ਮੁੱਖ ਮੰਤਰੀ ਰਾਹਤ ਫੰਡ ਲਈ ਭੇਟ ਕੀਤਾ। ਇਸ ਮੌਕੇ ਐਸੋਸੀਏਸ਼ਨ ਦੇ ਪ੍ਰਧਾਨ ਜਸਵੀਰ ਸਿੰਘ ਪਰਮਾਰ ਅਤੇ ਸੀਨੀਅਰ ਮੈਂਬਰ ਸਵਤੰਤਰ ਕੁਮਾਰ ਏਰੀ, ਡੀ.ਏ (ਪੰਜਾਬ) ਸੇਵਾਮੁਕਤ ਨੇ ਕਿਹਾ ਕਿ ਹੜ੍ਹ ਪ੍ਰਭਾਵਿਤ ਇਲਾਕਿਆਂ ਦੇ ਲੋਕਾਂ ਨੇ ਆਪਣੇ ਘਰ, ਫ਼ਸਲਾਂ ਅਤੇ ਪਸ਼ੂ ਗੁਆ ਦਿੱਤੇ ਹਨ। ਅਜਿਹੇ ਸਮੇਂ, ਲੋੜਵੰਦ ਪਰਿਵਾਰਾਂ ਨੂੰ ਸਹਾਇਤਾ ਪ੍ਰਦਾਨ ਕਰਨਾ ਸਮਾਜ ਦਾ ਨੈਤਿਕ ਫਰਜ਼ ਹੈ। ਉਨ੍ਹਾਂ ਕਿਹਾ ਕਿ ਇਹ ਯੋਗਦਾਨ ਹੜ੍ਹ ਪੀੜਤਾਂ ਨੂੰ ਉਨ੍ਹਾਂ ਦੀਆਂ ਜ਼ਿੰਦਗੀਆਂ ਨੂੰ ਮੁੜ ਪਟੜੀ 'ਤੇ ਲਿਆਉਣ ਵਿੱਚ ਮਦਦ ਕਰਨ ਵੱਲ ਇਕ ਛੋਟਾ ਜਿਹਾ ਕਦਮ ਹੈ। ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਐਸੋਸੀਏਸ਼ਨ ਦੇ ਯੋਗਦਾਨ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਹੜ੍ਹ ਵਰਗੀਆਂ ਕੁਦਰਤੀ ਆਫ਼ਤਾਂ ਵਿੱਚ, ਸਰਕਾਰੀ ਯਤਨਾਂ ਦੇ ਨਾਲ-ਨਾਲ ਸਮਾਜਿਕ ਸੰਸਥਾਵਾਂ ਅਤੇ ਲੋਕਾਂ ਦਾ ਸਮਰਥਨ ਬਹੁਤ ਮਹੱਤਵਪੂਰਨ ਹੁੰਦਾ ਹੈ। ਉਨ੍ਹਾਂ ਭਰੋਸਾ ਦਿੱਤਾ ਕਿ ਫੰਡਾਂ ਦੀ ਵਰਤੋਂ ਪ੍ਰਭਾਵਿਤ ਪਰਿਵਾਰਾਂ ਦੇ ਮੁੜ ਵਸੇਬੇ ਅਤੇ ਉਨ੍ਹਾਂ ਨੂੰ ਜ਼ਰੂਰੀ ਸੇਵਾਵਾਂ ਪ੍ਰਦਾਨ ਕਰਨ ਲਈ ਪੂਰੀ ਪਾਰਦਰਸ਼ਤਾ ਨਾਲ ਕੀਤੀ ਜਾਵੇਗੀ। ਇਸ ਮੌਕੇ ਪਰਮਿੰਦਰ ਸਿੰਘ ਗਰੇਵਾਲ, ਸੁਰਿੰਦਰ ਸਿੰਘ, ਮਨਜੀਤ ਸਿੰਘ, ਮੰਝੇਲ ਸਿੰਘ ਕਾਲਕਟ, ਸੁਖਵਿੰਦਰ ਸਿੰਘ ਢਿੱਲੋਂ, ਕਿਸ਼ੋਰੀ ਲਾਲ, ਦੀਪਕ ਆਦੀਆ ਅਤੇ ਹੋਰ ਮੈਂਬਰ ਮੌਜੂਦ ਸਨ। ਉਨ੍ਹਾਂ ਨੇ ਸਰਬਸੰਮਤੀ ਨਾਲ ਕਿਹਾ ਕਿ ਔਖੇ ਸਮੇਂ ਨੂੰ ਸਿਰਫ਼ ਆਪਸੀ ਸਹਿਯੋਗ ਅਤੇ ਮਨੁੱਖੀ ਹਮਦਰਦੀ ਨਾਲ ਹੀ ਦੂਰ ਕੀਤਾ ਜਾ ਸਕਦਾ ਹੈ।

## ਪਿੰਡ ਧੁਲੇਤਾ ਦੀਆਂ ਸੰਗਤਾਂ ਨੂੰ ਅੱਜ ਖ਼ਾਸ ਕਰਕੇ ਵਧਾਈਆਂ ਦੇਣ ਆਏ ਹਾਂ: ਕਰੀਮਪੁਰੀ





**ਫਿਲੌਰ ( ਚਰਨਜੀਤ ਸੱਲ੍ਹਾਂ )** ਪਿੰਡ ਧਲੇਤਾ ਸ਼੍ਰੀ ਗੁਰੂ ਰਵਿਦਾਸ ਗੁਰੂ ਘਰ ਦੀ ਹੰਕਾਰੀ ਆਮ ਪਾਰਟੀ ਦੀ ਸਰਕਾਰ ਵੱਲੋਂ ਚਾਰ ਦਵਾਰੀ ਤੋੜਨ ਦਾ ਵਿਰੋਧ ਕਰਨ ਵਾਲੀਆਂ ਸੰਗਤਾਂ ਦਾ ਅੱਜ ਪਿੰਡ ਧਲੇਤੇ ਸ਼੍ਰੀ ਗੁਰੂ ਰਵਿਦਾਸ ਗੁਰੂ ਘਰ ਪਹੁੰਚ ਕੇ ਸਨਮਾਨ ਕੀਤਾ, ਜਿੱਤ ਦੀ ਵਧਾਈ ਦਿੱਤੀ ਅਤੇ 9 ਅਕਤੂਬਰ ਨੂੰ ਸਾਹਿਬ ਕਾਂਸ਼ੀ ਰਾਮ ਜੀ ਦੇ ਪ੍ਰੀਨਿਰਵਾਣ ਦਿਵਸ ਤੇ ਤਖਤ ਬਦਲ ਦਿਓ ਤਾਜ ਬਦਲ ਦਿਓ ਮਹਾਰੈਲੀ' ਵਿੱਚ ਵੱਡੀ ਗਿਣਤੀ ਚ ਸੰਗਤਾਂ ਨੂੰ ਪਹੁੰਚਣ ਦੀ ਅਪੀਲ ਸ ਅਵਤਾਰ ਸਿੰਘ ਕਰੀਮਪੁਰੀ ਜੀ ਨੇ ਕੀਤੀ ਉਨ੍ਹਾਂ ਨੇ ਖ਼ਾਸ ਕਰ ਭੈਣਾਂ ਦਾ ਧੰਨਵਾਦ ਕੀਤਾ ਕਿ ਜਿਨ੍ਹਾਂ ਕਰਕੇ ਪਾਰਟੀ ਨੂੰ ਸੰਘਰਸ਼ ਕਰਨ ਲਈ ਮਜਬੂਰ ਹੋਣਾ ਪਿਆ ਇਸ ਮੌਕੇ ਪਾਰਟੀ ਦੇ ਸਟੇਟ ਕੁਆਰਡੀਨੇਟਰ ਚੌਧਰੀ ਗੁਰਨਾਮ ਸਿੰਘ ਜੀ,ਪਾਰਟੀ ਦੇ ਸਟੇਟ ਜਨਰਲ ਸੈਕਟਰੀ ਐਡਵੋਕੇਟ ਬਲਵਿੰਦਰ ਕੁਮਾਰ ਜੀ,ਪਾਰਟੀ ਦੇ ਸਟੇਟ ਸੈਕਟਰੀ ਹਰਭਜਨ ਬਲਾਲੋ ਜੀ, ਪਾਰਟੀ ਦੇ ਸੀਨੀਅਰ ਡਿਪਟੀ ਮੇਅਰ ਤੇਜਪਾਲ ਬਸਰਾ ਜੀ,ਪਾਰਟੀ ਦੇ ਕੌਂਸਲਰ ਚਰਨਜੀਤ ਲਾਲ ਕਾਲਾ ਜੀ, ਪਾਰਟੀ ਦੇ ਕੌਂਸਲਰ ਬੀਬੀ ਅਮਨਦੀਪ ਕੌਰ,ਪਾਰਟੀ ਦੇ ਸਟੇਟ ਜਨਰਲ ਸੈਕਟਰੀ ਲਾਲ ਚੰਦ ਔਜਲਾ ਜੀ ਵਿਧਾਨ ਸਭਾ ਦੇ ਇੰਚਾਰਜ, ਪਾਰਟੀ ਦੇ ਜਿਲਾ ਕੁਆਰਡੀਨੇਟਰ ਖੁਸ਼ੀ ਰਾਮ ਜੀ ਵਿਧਾਨ ਸਭਾ ਦੇ ਇੰਚਾਰਜ,ਵਿਧਾਨ ਸਭਾ ਹਲਕੇ ਦੇ ਪ੍ਰਧਾਨ ਸੁਖਵਿੰਦਰ ਬਿੱਟੂ ਜੀ,ਹੈਪੀ ਜੀ ਬੀਬੀ ਪੰਮੀ ਰੁੜਕਾ ਜੀ,ਸੁਸ਼ੀਲ ਵਿਰਦੀ ਜੀ,ਚੰਬਾ ਜੀ,ਪਿੰਡ ਦੀ ਸ਼੍ਰੀ ਗੁਰੂ ਰਵਿਦਾਸ ਸਭਾ ਹੋਰ ਪੰਚ ਸਰਪੰਚ ਅਤੇ ਵੱਡੀ ਗਿਣਤੀ ਵਿੱਚ ਸੰਗਤਾਂ ਹਾਜ਼ਰ ਸਨ।

# 28 ਨੂੰ ਖੰਨਾ ਪਹੁੰਚੋ: ਬਾਬਾ ਸਾਹਿਬ ਅੰਬੇਡਕਰ ਕੇ ਸਨਮਾਨ ਮੇ, ਅੰਬੇਡਕਰਵਾਦੀਓ ਪਹੁੰਚੋ ਖੰਨਾ ਕੇ ਮੈਦਾਨ ਮੇ



**ਖੰਨਾ( ਚਰਨਜੀਤ ਸੱਲ੍ਹਾਂ )** ਆਮ ਆਦਮੀ ਪਾਰਟੀ ਦਾ ਮੌਜੂਦਾ ਅਤੇ ਕਾਂਗਰਸ ਦਾ ਸਾਬਕਾ ਮੰਤਰੀ ਦੱਸਣ ਕਿ ਮੂਤਣ ਵਾਲੀ ਜਗ੍ਹਾ ਬਣਾਉਣਾ ਜਰੂਰੀ ਜਾ ਫਿਰ ਅੰਬੇਡਕਰ ਸਾਹਿਬ ਦਾ ਬੁੱਤ ਲਗਾਉਣ ਜ਼ਰੂਰੀ ਐਸੀ/ਐਸਟੀ/ਓਬੀਸੀ ਸਮਾਜ ਕਾਂਗਰਸ,ਆਮ ਆਦਮੀ ਪਾਰਟੀ,ਅਕਾਲੀ ਦਲ ਲਈ ਸਿਰਫ ਲਈ ਸਿਰਫ ਵੋਟ ਬੈਂਕ ਤੋਂ ਵੱਧ ਕੁਝ ਨਹੀ ਖੰਨਾ ਅੰਦਰ ਆਮ ਆਦਮੀ ਪਾਰਟੀ ਅਤੇ ਕਾਂਗਰਸ ਪਾਰਟੀ ਨਾਲ ਦਲਿਤ ਸਮਾਜ ਬਹੁਤ ਵੱਡੀ ਗਿਣਤੀ ਵਿੱਚ ਜੁੜਿਆ ਹੋਇਆ ਹੈ, ਪਰੰਤੂ ਇਹ ਦੋਨੋਂ ਪਾਰਟੀਆਂ ਡਾਕਟਰ ਅੰਬੇਡਕਰ ਸਾਹਿਬ ਦਾ ਇੱਕ ਬੁੱਤ ਨਹੀਂ ਲੱਗਾ ਰਹੀਆਂ ਇਸ ਤੋਂ ਸਮਾਜ ਨੂੰ ਸਮਝਣਾ ਚਾਹੀਦਾ ਹੈ ਕਿ ਰਾਜਨੀਤਿਕ ਪਾਰਟੀਆਂ ਇਹਨਾਂ ਨੇ ਰਹਿਬਰਾਂ ਦੀ ਕਿੰਨੀ ਕੁ ਕਦਰ ਕਰਦੀਆਂ ਹਨ ਹੁਣ ਜਥੇਬੰਦੀਆਂ ਨੇ ਫੈਸਲਾ ਕੀਤਾ ਹੈ ਕਿ ਅਮਲੋਹ ਚੌਂਕ ਵਿੱਚ ਬੁੱਤ ਲਗਵਾਉਣ ਲਈ 28 ਸਤੰਬਰ ਦਿਨ ਐਤਵਾਰ ਨੂੰ ਸਵੇਰੇ 9 ਵਜੇ ਇੱਕ ਧਰਨਾ ਦਿੱਤਾ ਜਾਵੇਗਾ ਅਗਰ ਇਸ ਧਰਨੇ ਤੋਂ ਬਾਅਦ ਵੀ ਇੱਥੇ ਬੁੱਤ ਨਾ ਲੱਗਿਆ ਤਾਂ ਪੰਜਾਬ ਪੱਧਰ ਤੇ ਇਹ ਅੰਦੋਲਨ ਸ਼ੁਰੂ ਕੀਤਾ ਜਾਵੇਗਾ।

# ਸਿਰਜਣੀ ਦੀ ਸੋਚ ਨੂੰ ਸਲਾਮ -ਤਰਕਸ਼ੀਲ

ਭਾਰਤ ਪੱਧਰ ਦੇ ਸਕੂਲ ਬੋਰਡਾਂ ਵਿੱਚ ਆਈ ਸੀ ਐਸ ਈ ( ICSE ) Inidan ceritifcate of secondary educaiton ਬੋਰਡ ਬਹੁਤ ਵਕਾਰੀ ਨਾਮ ਹੈ। ਇਸ ਬੋਰਡ ਵੱਲੋਂ ਆਪਣਾ ਪਾਠਕ੍ਰਮ ਕਾਫੀ ਉੱਚ ਪਾਏ ਦਾ ਨਿਰਧਾਰਿਤ ਕੀਤਾ ਜਾਂਦਾ ਹੈ ਅਤੇ ਬਹੁਤ ਸਾਰੇ ਨਾਮਵਰ ਸਕੂਲ ਇਸ ਨਾਲ ਜੁੜੇ ਹੋਏ ਹਨ। ਇਸ ਸਾਲ ਇਸ ਬੋਰਡ ਵੱਲੋਂ ਜੋ ਬਾਰਵੀਂ ਸ਼੍ਰੇਣੀ ਦੀ ਪ੍ਰੀਖਿਆ ਲਈ ਗਈ, ਉਸ ਵਿੱਚੋਂ ਦੇਸ਼ ਭਰ ਵਿੱਚੋਂ ਪਹਿਲਾ ਸਥਾਨ ਹਾਸਲ ਕੀਤਾ ਹੈ -ਕਲਕੱਤੇ ਦੀ ਲੜਕੀ ਸਿਰਜਣੀ ਨੇ। ਉਸ ਨੇ ਸਾਰੇ ਵਿਸ਼ਿਆਂ ਵਿੱਚੋਂ ਪੂਰੇ ਪੂਰੇ ਨੰਬਰ ਲੈ ਕੇ ਕੁੱਲ 400 ਵਿੱਚੋਂ 400 ਅੰਕ ਹਾਸਲ ਕੀਤੇ। ਪਰ ਅਸੀਂ 'ਤਰਕਸ਼ੀਲ' ਵੱਲੋਂ ਉਸ ਨੂੰ ਸਲਾਮ ਉਸ ਵੱਲੋਂ ਪ੍ਰੀਖਿਆ ਵਿੱਚ ਇਹ ਪ੍ਰਾਪਤੀ ਕਰਨ ਲਈ ਨਹੀਂ ਕਰ ਰਹੇ ਬਲਕਿ ਉਸਦੀ ਅਗਾਂਹਵਧੂ ਸੋਚ ਨੂੰ ਕਰ ਰਹੇ ਹਾਂ।

ਉਹ ਸੋਚ ਕੀ ਹੈ?

ਪਹਿਲੀ ਗੱਲ ਸਿਰਜਣੀ ਨੇ ਆਪਣੇ ਸਕੂਲ ਦੇ ਫਾਰਮ ਵਿੱਚ ਧਰਮ ਵਾਲੇ ਖਾਨੇ ਵਿੱਚ ਕਿਸੇ ਧਰਮ ਦਾ ਨਾਂ ਲਿਖਣ ਦੀ ਬਜਾਏ 'ਮਾਨਵਤਾਵਾਦ' ਭਰਿਆ ਹੋਇਆ ਹੈ। ਦੂਸਰਾ ਉਸ ਨੇ ਆਪਣੇ ਨਾਮ ਨਾਲ ਕੋਈ ਜਾਤ ਗੋਤ ਨਹੀਂ ਲਗਾਇਆ ਅਤੇ ਰਜਿਸਟ੍ਰੇਸ਼ਨ ਫਾਰਮਾਂ ਵਿੱਚ ਆਪਣਾ ਨਾਮ ਸਿਰਫ 'ਸਿਰਜਣੀ' ਹੀ ਭਰਿਆ ਹੈ। ਇਸ ਸਬੰਧ ਵਿੱਚ ਉਹ ਕਹਿੰਦੀ ਹੈ ਕਿ ਉਸ ਦੀ ਭਾਵਨਾ ਹੈ ਕਿ ਸਾਡਾ ਸਮਾਜ ਜਾਤ, ਨਸਲ, ਧਰਮ ਅਤੇ ਲਿੰਗ ਭੇਦ ਦੀਆਂ ਵੰਡਾਂ ਤੋਂ ਮੁਕਤ ਹੋਵੇ। ਉਸ ਨੇ 'ਟਾਈਮਜ਼ ਆਫ਼ ਇੰਡੀਆ' ਅਖ਼ਬਾਰ ਨਾਲ ਗੱਲ ਕਰਦਿਆਂ ਕਿਹਾ,"ਮੈਂ ਆਰਥਿਕ, ਸਮਾਜਿਕ ਅਤੇ ਧਾਰਮਿਕ, ਹਰ ਕਿਸਮ ਦੀ ਗੈਰ-ਬਰਾਬਰੀ ਦੇ ਵਿਰੁੱਧ ਹਾਂ।" ਉਸ ਦੇ ਇਨ੍ਹਾਂ ਫੈਸਲਿਆਂ ਨਾਲ ਉਸਦੇ ਮਾਤਾ ਪਿਤਾ ਵੀ ਸਹਿਮਤ ਹਨ ਜੋ ਖ਼ੁਦ ਅਗਾਂਹਵਧੂ ਸੋਚ ਦੇ ਧਾਰਨੀ ਪ੍ਰੋਫੈਸਰ ਹਨ।

ਉਹ ਆਪਣੇ ਇਹਨਾਂ ਵਿਚਾਰਾਂ ਦਾ ਸਿਰਫ ਦਾਅਵਾ ਹੀ ਨਹੀਂ ਕਰਦੀ ਸਗੋਂ ਲੋੜ ਪੈਣ 'ਤੇ ਇਸ ਤਰ੍ਹਾਂ ਦੀ ਸੋਚ ਨਾਲ ਸਬੰਧਿਤ ਸਰਗਰਮੀਆਂ ਵਿੱਚ ਵੀ ਹਿੱਸਾ ਲੈਂਦੀ ਹੈ। ਪਿਛਲੇ ਸਾਲ ਅਗਸਤ 2024 ਵਿੱਚ ਕਲਕੱਤੇ ਦੇ ਆਰ.ਜੀ.ਕਾਰ ਮੈਡੀਕਲ ਕਾਲਜ ਵਿੱਚ ਇੱਕ ਜੂਨੀਅਰ ਡਾਕਟਰ ਨਾਲ ਜੋ ਬਲਾਤਕਾਰ ਅਤੇ ਕਤਲ ਦੀ ਵਾਰਦਾਤ ਹੋਈ ਸੀ ਉਸ ਖਿਲਾਫ ਚੱਲੇ ਅੰਦੋਲਨ ਵਿੱਚ ਵੀ ਉਹ ਸਰਗਰਮੀ ਨਾਲ ਭਾਗ ਲੈਂਦੀ ਰਹੀ ਸੀ। ਅਜਿਹੀਆਂ ਸਰਗਰਮੀਆਂ ਵਿੱਚ ਭਾਗ ਲੈਣ ਦੇ ਬਾਵਜੂਦ ਦੇਸ਼ ਭਰ ਵਿੱਚੋਂ ਪਹਿਲਾ ਸਥਾਨ ਹਾਸਿਲ ਕਰਨਾ ਉਸ ਦੀ ਪ੍ਰਾਪਤੀ ਨੂੰ ਹੋਰ ਵੱਡਾ ਕਰਦਾ ਹੈ। ਸਾਨੂੰ ਅਜਿਹੀਆਂ ਬੱਚੀਆਂ 'ਤੇ ਮਾਣ ਹੈ।

**ਮਾਸਟਰ ਪਰਮਵੇਦ**
**ਤਰਕਸ਼ੀਲ ਆਗੂ**
**9417422349**

# ਵਿਦਿਆਰਥਣਾਂ ਦਾ ਸਰੀਰਕ ਅਤੇ ਮਾਨਸਿਕ ਵਿਕਾਸ ਜਰੂਰੀ:- ਡਾ. ਰਮਗੀਤ ਕੁਮਾਰੀ



**ਬੰਗਾ (ਚਰਨਜੀਤ ਸੱਲ੍ਹਾਂ )** ਡਾਇਰੈਕਟਰ ਆਯੁਰਵੈਦਾ ਪੰਜਾਬ ਡਾ.ਰਵੀ ਡੂਮਰਾ , ਜਿਲਾ ਆਯੁਰਵੈਦਿਕ ਅਤੇ ਯੂਨਾਨੀ ਅਫਸਰ ਸ਼ਹੀਦ ਭਗਤ ਸਿੰਘ ਨਗਰ ਡਾ. ਸਰਬਜੀਤ ਕੌਰ ਜੀ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਸਵੱਸਥ ਨਾਰੀ ਸਸ਼ਕਤ ਭਾਰਤ ਮੁਹਿੰਮ ਤਹਿਤ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮੱਲੂਪੋਤਾ ਵਿਖੇ ਡਾ. ਰਮਗੀਤ ਕੁਮਾਰੀ (ਆਕ ਮਜਾਰੀ) ਵੱਲੋਂ ਇੱਕ ਜਾਗਰੂਕਤਾ ਕੈਂਪ ਆਯੋਜਿਤ ਕੀਤਾ ਗਿਆ। ਇਸ ਕੈਂਪ ਵਿੱਚ ਸਕੂਲ ਦੀਆਂ ਸਾਰੀਆਂ ਵਿਦਿਆਰਥਣਾਂ ਨੇ ਭਾਗ ਲਿਆ। ਇਸ ਵਿੱਚ ਡਾਕਟਰ ਸਾਹਿਬਾ ਨੇ ਵਿਦਿਆਰਥੀਆਂ ਵਿੱਚ ਹੋਣ ਵਾਲੇ ਸਰੀਰਕ ਪਰਿਵਰਤਨਾ ਬਾਰੇ ਵਿਸਥਾਰ ਪੂਰਵਕ ਚਾਨਣਾ ਪਾਇਆ ਅਤੇ ਕਿਹਾ ਕਿ ਇਹ ਪਰਿਵਰਤਨ ਕੁਦਰਤੀ ਤੌਰ ਤੇ ਹੁੰਦੇ ਹਨ। ਇਹਨਾਂ ਤੋਂ ਸਾਨੂੰ ਘਬਰਾਉਣਾ ਨਹੀਂ ਚਾਹੀਦਾ। ਇਸ ਪ੍ਰਤੀ ਕਿਸੇ ਵੀ ਤਰ੍ਹਾਂ ਦੀ ਸਮੱਸਿਆ ਆਉਂਦੀ ਹੈ ਤਾਂ ਆਪਣੀਆਂ ਮਾਤਾਵਾਂ, ਵੱਡੀਆਂ ਭੈਣਾਂ ਅਤੇ ਮਹਿਲਾਵਾਂ ਅਧਿਆਪਕਾਂ ਨਾਲ ਖੁੱਲ ਕੇ ਗੱਲ ਕਰਨੀ ਚਾਹੀਦੀ ਹੈ ਜਿਸ ਨਾਲ ਸਮੱਸਿਆਵਾਂ ਦਾ ਚੰਗੀ ਤਰ੍ਹਾਂ ਨਿਪਟਾਰਾ ਹੋ ਸਕੇ।ਇਸ ਮੌਕੇ ਡਾ.ਰਮਗੀਤ ਨੇ ਸਕੂਲ ਦੀਆਂ ਵਿਦਿਆਰਥਣਾਂ ਨੂੰ ਚੰਗੀ ਸਿਹਤ ਸੰਭਾਲ ਬਾਰੇ ਵੀ ਜਾਣਕਾਰੀ ਦਿੱਤੀ ਅਤੇ ਉਹਨਾਂ ਵਿੱਚ ਹੋ ਰਹੀਆਂ ਬਿਮਾਰੀਆਂ ਦੇ ਕਾਰਨ ਦੱਸਦੇ ਹੋਏ ਉਹਨਾਂ ਤੋਂ ਬਚਾਅ ਕਰਨ ਲਈ ਆਯੁਰਵੈਦ ਰਾਹੀਂ ਉਪਰਾਲੇ ਦੱਸੇ ਗਏ। ਇਸ ਮੌਕੇ ਸਕੂਲ ਮੁਖੀ ਬਲਦੀਸ਼ ਲਾਲ, ਸੁਖਜੀਤ ਕੌਰ, ਗੁਰਪ੍ਰੀਤ ਕੌਰ, ਸੋਨੀਆ ਕੁਮਾਰੀ, ਸੋਨੀਆ ਜਸਰੋਟੀਆ,ਨੀਲਮ ਕੁਮਾਰੀ ਅਤੇ ਮੈਡਮ ਸੁਰਿੰਦਰਾ ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ।ਸਕੂਲ ਦੇ ਸਾਰੇ ਅਧਿਆਪਕ ਮੌਜੂਦ ਸਨ।

# ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਵੱਲੋਂ ਪਿੰਡ ਉਡਤ ਭਗਤ ਰਾਮ ਅਤੇ ਪਿੰਡ ਲਹਿਰੀ ਜ਼ਿਲਾ ਮਾਨਸਾ ਵਿਖੇ 2 ਹੋਰ ਸਿਖਲਾਈ ਸਿਲਾਈ ਕੈਂਪਾਂ ਦਾ ਉਦਘਾਟਨ ਕੀਤਾ ਗਿਆ

**ਮਾਨਸਾ-24 ਸਤੰਬਰ 2025-ਰਸ਼ਪਿੰਦਰ ਕੌਰ** ਗਿੱਲ-ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਔਰਤਾਂ ਨੂੰ ਸਮਾਜਿਕ ਅਤੇ ਆਰਥਿਕ ਪੱਧਰ ਉੱਤੇ ਮਜ਼ਬੂਤ ਕਰਨ ਲਈ ਪੰਜਾਬ ਦੇ ਹਰ ਜ਼ਿਲ੍ਹੇ ਵਿੱਚ ਤਿੰਨ ਮਹੀਨੇ ਦੇ ਸਿਖਲਾਈ ਕੈਂਪਾਂ ਦੀ ਮੁਹਿੰਮ ਚਲਾ ਰਿਹਾ ਹੈ। ਇਸੇ ਤਹਿਤ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਵੱਲੋਂ ਪਿੰਡ ਉਡਤ ਭਗਤ ਰਾਮ ਅਤੇ ਪਿੰਡ ਲਹਿਰੀ ਜ਼ਿਲਾ ਮਾਨਸਾ ਵਿਖੇ ਸਿਲਾਈ ਕੈਂਪਾਂ ਦੀ ਕੀਤੀ ਗਈ ਸ਼ੁਰੂਆਤ। ਇੰਨਾਂ ਦੋਨਾਂ ਕੈਂਪਾਂ ਦੀ ਟ੍ਰੇਨਰ ਬੀਬੀ ਦਰਸ਼ਨ ਕੌਰ ਜੀ ਹਨ। ਇਸ ਕੈਂਪ ਦੇ ਉਦਘਾਟਨ ਸਮੇਂ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੀ ਮਾਨਸਾ ਦੀ ਜਥੇਬੰਦੀ ਦੇ ਬੀਬੀ ਪ੍ਰਦੀਪ ਕੌਰ ਸਿੱਧੂ ਜੀ ਮੈਂਬਰ, ਬਲਵੀਰ ਸਿੰਘ ਜੀ ਜ਼ਿਲਾ ਪ੍ਰਧਾਨ, ਜੋਗਿੰਦਰ ਸਿੰਘ ਬੋਹਾ, ਜਗਸੀਰ ਸਿੰਘ ਜੋਗਾ, ਲਵਦੀਪ ਸਿੰਘ, ਸੁਖਮਨ ਸਿੰਘ, ਜਿੰਦਰ ਸਿੰਘ ਜੀ ਮੌਜੂਦ ਸਨ। ਪਾਰਟੀ ਦੇ ਆਗੂਆਂ ਨੇ ਸਿਖਲਾਈ ਲੈਣ ਆਈਆਂ ਬੱਚੀਆਂ ਨੂੰ ਹੱਥੀਂ ਕੰਮ ਸਿੱਖ ਕੇ ਆਪਣੇ ਆਪ ਨੂੰ ਮਾਨਸਿਕ ਅਤੇ ਆਰਥਿਕ



ਪੱਖੋਂ ਮਜ਼ਬੂਤ ਹੋਣ ਲਈ ਪ੍ਰੇਰਿਤ ਕੀਤਾ। ਇੰਨਾਂ ਸਿਖਲਾਈ ਕੈਂਪਾਂ ਰਾਹੀਂ ਤਿੰਨ ਮਹੀਨੇ ਸਿਲਾਈ ਅਤੇ ਕਢਾਈ ਦੀ ਸਿਖਲਾਈ ਦਿੱਤੀ ਜਾਏਗੀ। ਤਿੰਨ ਮਹੀਨੇ ਦੇ ਇਸ ਕੈਂਪ ਦੇ ਅੰਤ ਉੱਤੇ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਵੱਲੋਂ ਤਿੰਨ ਮਹੀਨੇ ਦਾ ਕੋਰਸ ਕਰਣ ਵਾਲੀਆਂ ਬੀਬੀਆਂ ਨੂੰ ਅਤੇ ਕੈਂਪ ਚਲਾਉਣ ਵਾਲੀ ਬੀਬੀਆਂ ਨੂੰ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਵੱਲੋਂ ਯਾਦਗਿਰੀ ਚਏਰ-ਟਡਿਚਓਟਏ ਵੀ ਦਿੱਤਾ ਜਾਏਗਾ। ਪਾਰਟੀ ਵੱਲੋਂ ਲਗਾਏ ਜਾ ਰਹੇ ਇੰਨਾਂ ਸਾਰੇ ਕੈਂਪਾਂ ਦੀ ਜ਼ਿੰਮੇਵਾਰੀ ਰਸ਼ਪਿੰਦਰ ਕੌਰ ਗਿੱਲ ਜਨਰਲ ਸਕੱਤਰ ਪੰਜਾਬ ਇਸਤਰੀ ਵਿੰਗ ਦੀ ਰਹੇਗੀ। ਸਿਖਲਾਈ ਕੈਂਪਾਂ ਬਾਰੇ ਵਧੇਰੇ ਜਾਣਕਾਰੀ ਲਈ ਰਸ਼ਪਿੰਦਰ ਕੌਰ ਗਿੱਲ ਜੀ ਨਾਲ +91-9888697078 -ਸੰਪਰਕ ਕੀਤਾ ਜਾ ਸਕਦਾ ਹੈ।

# ਸ਼ਿਵਾਨੀ (ਕਹਾਣੀ)

ਉਹ ਸ੍ਰ. ਸੱਜਣ ਸਿੰਘ ਦੀ ਕੋਠੀ ਵਿੱਚ ਪਿਛਲੇ ਦਸ ਸਾਲਾਂ ਤੋਂ ਕੰਮ ਕਰ ਰਹੀ ਹੈ। ਉਦੋਂ ਉਹ ਰਾਜੂ ਦੀ ਨਵੀਂ ਨਵੇਲੀ ਵਿਆਹੁਤਾ ਆਈ ਸੀ, ਜਦੋਂ ਪਹਿਲੀ ਵਾਰੀ ਬਾਲਾ ਆਂਟੀ ਨੇ ਉਸ ਨੂੰ ਸਰਦਾਰ ਦੀ ਵੱਡੀ ਕੋਠੀ ਦੀ ਸਫ਼ਾਈ ਦਾ ਕੰਮ ਦਿਵਾਇਆ ਸੀ। ਅੱਧੇ ਵਿੱਘੇ ਵਿੱਚ ਬਣੀਂ ਸ਼ਾਨਦਾਰ ਕੋਠੀ ਨੂੰ ਉਹ ਝਾੜੂ ਪੋਚਾ ਲਾ ਕੇ ਚਮਕਾ ਦਿੰਦੀ ਸੀ। ਜਿਉਂ ਹੀ ਉਹ ਕੰਮ ਮੁਕਾ ਕੇ ਵਿਹਲੀ ਹੁੰਦੀ, ਉਹ ਸਰਦਾਰਨੀ ਬਸੰਤ ਕੌਰ ਨੂੰ ਅਵਾਜ਼ ਮਾਰਦੀ- "ਬੀਬੀ ਜੀ, ਕਾਮ ਹੋ ਗਿਆ ਹੈ। ਹਮ ਜਾ ਰਹੇ ਹੈਂ।"

"ਸ਼ਿਵਾਨੀ, ਤੂੰ ਸਾਬਣ ਨਾਲ਼ ਹੱਥ ਧੋ ਕੇ ਬੈਠ। ਮੈਂ ਚਾਹ ਪਾਉਣੀ ਆਂ ਤੈਨੂੰ।" ਸਰਦਾਰਨੀ ਉਸ ਨੂੰ ਅਵਾਜ਼ ਮਾਰ ਕੇ ਬੈਠਣ ਲਈ ਆਖ ਦਿੰਦੀ। ਇੰਨੇਂ ਸਾਲਾਂ ਵਿੱਚ ਕਦੀ ਨਹੀਂ ਸੀ ਹੋਇਆ ਕਿ ਸਰਦਾਰਨੀ ਨੇ ਉਸ ਨੂੰ ਸੁੱਕੀ ਚਾਹ ਦਿੱਤੀ ਹੋਵੇ। ਜ਼ਿਲ੍ਹੇਦਾਰ ਲੱਗੇ ਸੱਜਣ ਸਿੰਘ ਦੇ ਘਰ ਮਿਠਾਈਆਂ ਦੇ ਡੱਬੇ ਭਰੇ ਰਹਿੰਦੇ ਸਨ। ਸਰਦਾਰਨੀ ਚਾਹ ਦੇ ਨਾਲ਼ ਵੱਡੀ ਕੌਲੀ ਮਿਠਾਈ ਦੀ ਭਰ ਕੇ ਉਸ ਨੂੰ ਫੜਾਉਂਦਿਆਂ ਬੋਲੀ- "ਸ਼ਿਵਾਨੀ, ਆਹ ਮਠਿਆਈ ਤੂੰ ਏਥੇ ਈ ਬਹਿ ਕੇ ਖਾ ਲੈ। ਘਰ ਨੂੰ ਜਾਂਦੀ ਹੋਈ ਬੱਚਿਆਂ ਲਈ ਵੀ ਲੈ ਜਾਈਂ। ਮੈਂ ਲਿਫ਼ਾਫ਼ੇ ਵਿੱਚ ਪਾ ਕੇ ਰੱਖ ਦਿੱਤੀ ਹੈ।" ਉਹ ਸਰਦਾਰਨੀ ਦੇ ਬੋਲ ਸੁਣ ਕੇ ਕੇਵਲ ਮੁਸਕਰਾਈ ਸੀ। ਇੱਕ ਦੋ ਸ਼ਕਰਪਾਰੇ ਮੂੰਹ ਵਿੱਚ ਪਾ ਕੇ ਚਾਹ ਪੀ ਲਈ। ਕੌਲੀ ਵਿੱਚ ਬਚਦੀ ਮਠਿਆਈ ਅਤੇ ਸਰਦਾਰਨੀ ਵੱਲੋਂ ਦਿੱਤਾ ਮਠਿਆਈ ਦਾ ਲਿਫ਼ਾਫ਼ਾ ਲੈ ਉਹ ਆਪਣੇ ਕਿਰਾਏ ਦੇ ਕਮਰੇ ਵਿੱਚ ਮੁੜ ਆਈ।




ਦੋ-ਦੋ ਸਾਲਾਂ ਦੇ ਅੰਤਰ ਨਾਲ਼ ਸ਼ਿਵਾਨੀ ਨੇ ਚਾਰ ਪੁੱਤਰਾਂ ਨੂੰ ਜਣਿਆਂ ਸੀ। ਵੱਡਾ ਰਾਜੇਸ਼ ਨੌਂ ਸਾਲਾਂ ਦਾ ਸੀ। ਤੇ ਸਰਕਾਰੀ ਸਕੂਲ ਵਿੱਚ ਚੌਥੀ ਜਮਾਤ ਵਿੱਚ ਪੜ੍ਹਦਾ ਸੀ। ਉਹ ਤੋਂ ਛੋਟਾ ਸੱਤ ਸਾਲ ਦਾ ਵਿਜੈ ਦੂਜੀ ਜਮਾਤ ਵਿੱਚ ਪੜ੍ਹਦਾ ਸੀ। ਤੀਜੇ ਰਾਮ ਨੂੰ ਅਜੇ ਪੜ੍ਹਨ ਲਈ ਨਹੀਂ ਲਾਇਆ ਗਿਆ ਸੀ। ਉਹ ਪੰਜ ਸਾਲਾਂ ਦੀ ਉਮਰ ਵਿੱਚ ਆਪਣੇ ਤੋਂ ਛੋਟੇ ਤਿੰਨ ਸਾਲ ਦੇ ਕ੍ਰਿਸ਼ਨ ਨੂੰ ਘਰ ਵਿੱਚ ਸਾਂਭਦਾ ਸੀ।

ਰਾਜੂ ਭਾਵੇਂ ਰੰਗ ਰੋਗਨ ਦਾ ਕੰਮ ਕਰਦਾ ਸੀ। ਪਰ ਉਹ ਦੋ ਦਿਹਾੜੀਆਂ ਹੀ ਮਸੀਂ ਪੂਰੀਆਂ ਕਰਦਾ ਸੀ। ਉਹ ਝੱਟ ਆਪਣੇ ਪੈਸੇ ਮੰਗ ਲੈਂਦਾ ਸੀ। ਪੈਸੇ ਲੈ ਕੇ ਉਹ ਸਿੱਧਾ ਠੇਕੇ 'ਤੇ ਜਾਂਦਾ ਸੀ। ਸੰਤਰਾ ਮਾਰਕਾ ਦੇਸੀ ਸ਼ਰਾਬ ਦੀ ਬੋਤਲ ਲੈ ਕੇ ਉਹ ਕਿਸੇ ਨਿਵੇਕਲੀ ਥਾਂ 'ਤੇ ਬੈਠ ਕੇ ਪੀਂਦਾ ਸੀ। ਫ਼ੇਰ ਨਸ਼ੇ ਦੀ ਮਸਤੀ ਵਿੱਚ ਡਿੱਕ ਡੋਲੇ ਖਾਂਦਾ ਉਸ ਦਾ ਖੜ-ਖੜ ਕਰਦਾ ਪੰਦਰਾਂ ਸਾਲ ਪੁਰਾਣਾ ਸਾਇਕਲ ਉਸ ਨੂੰ ਆਪਣੇ ਕਮਰੇ ਤੱਕ ਲੈ ਆਉਂਦਾ ਸੀ। ਰਾਜੂ ਨੇ ਅੱਜ ਤੱਕ ਨਾ ਤਾਂ ਕਦੇ ਕੋਈ ਸਬਜ਼ੀ ਭਾਜੀ ਹੀ ਖ਼ਰੀਦੀ ਸੀ। ਨਾ ਹੀ ਘਰ ਲਈ ਕਦੇ ਕੋਈ ਘਰੇਲੂ ਸਮਾਨ ਹੀ ਲਿਆ ਸੀ। ਉਸ ਨੇ ਨਾ ਹੀ ਇਸ ਗੱਲ ਦਾ ਕਦੇ ਕੋਈ ਫ਼ਿਕਰ ਕਰਿਆ ਸੀ।

ਸ਼ਿਵਾਨੀ ਲੋਕਾਂ ਦੇ ਘਰਾਂ ਅਤੇ ਕੋਠੀਆਂ ਵਿੱਚ ਸਾਫ਼-ਸਫ਼ਾਈ ਕਰਕੇ ਜੋ ਕਮਾ ਕੇ ਲਿਆਉਂਦੀ ਸੀ, ਉਸੇ ਨਾਲ਼ ਘਰ ਦਾ ਚੁੱਲ੍ਹਾ ਬਲਦਾ ਸੀ। ਉਹ ਜਿੱਥੇ ਰੋਟੀ ਪਕਾ ਕੇ ਚਾਰਾਂ ਬੱਚਿਆਂ ਅਤੇ ਉਨ੍ਹਾਂ ਦੇ ਪਿਓ ਦਾ ਢਿੱਡ ਭਰਦੀ ਸੀ। ਉੱਥੇ ਉਹ ਬੇਹੱਦ ਥੱਕੀ ਟੁੱਟੀ ਹੋਈ ਵੀ ਰਾਜੂ ਦਾ ਬਿਸਤਰਾ ਨਿੱਘਾ ਕਰਨ ਲਈ ਵੀ ਮਜਬੂਰ ਹੁੰਦੀ ਸੀ। ਜੇ ਕਿਤੇ ਕਿਸੇ ਦਿਨ ਸਕੂਲ ਵੱਲੋਂ ਮਿਲਿਆ ਘਰ ਦਾ ਕੰਮ ਕਰਦਿਆਂ ਜਾਂ ਟੈਲੀਵਿਜ਼ਨ ਦੇਖਦਿਆਂ ਬੱਚੇ ਜਾਗਦੇ ਹੁੰਦੇ, ਤਦ ਵੀ ਬੱਚਿਆਂ ਦੀ ਏਸ ਗੁਸਤਾਖ਼ੀ ਦਾ ਸਿਲ੍ਹਾ ਸ਼ਿਵਾਨੀ ਨੂੰ ਚੁਕਾਉਣਾ ਪੈਂਦਾ। ਜਦੋਂ ਨਫ਼ਸ ਦੀ ਅੱਗ ਵਿੱਚ ਭੁੱਜ ਕੇ ਉਹਦਾ ਮਰਦ ਡੰਡੇ ਨਾਲ਼ ਉਹਦੇ ਹੱਡ ਸੇਕਦਾ ਤਾਂ ਪਿਓ ਦਾ ਇਹ ਖ਼ੂੰਖ਼ਾਰ ਰੂਪ ਵੇਖ ਕੇ ਬੱਚੇ ਇਕਦਮ ਸਹਿਮ ਜਾਂਦੇ। ਉਹ ਆਪੋ ਆਪਣੀਆਂ ਜੁੱਲੀਆਂ ਵਿੱਚ ਦੁਬਕ ਕੇ ਪੈ ਜਾਂਦੇ। ਪਰੰਤੂ ਸ਼ਿਵਾਨੀ ਪਤਾ ਨਹੀਂ ਕਿਹੜੀ ਮਿੱਟੀ ਦੀ ਬਣੀ ਹੋਈ ਸੀ ਕਿ ਉਹਦਾ ਪਤੀ ਉਹਦੇ ਕੁੱਟ-ਕੁੱਟ ਕੇ ਲਾਸਾਂ ਪਾ ਦਿੰਦਾ। ਪਰੰਤੂ ਫ਼ੇਰ ਵੀ ਉਹ ਆਪਣੇ ਮੂੰਹੋਂ ਕਦੇ 'ਸੀ' ਨਹੀਂ ਸੀ ਕੱਢਦੀ।

ਰਾਜੂ ਪਤਨੀ ਨੂੰ ਕੁੱਟ ਕੇ ਬੱਤੀ ਬੰਦ ਕਰ ਕੇ ਪੈ ਜਾਂਦਾ। ਅੱਧੇ ਘੰਟੇ ਬਾਅਦ ਹੀ ਉਹ ਪਤਨੀ ਦੇ ਵਾਲ਼ਾਂ ਵਿੱਚ ਹੱਥ ਫ਼ੇਰ ਕੇ ਪੁੱਛਦਾ, "ਕਹੀਂ ਜ਼ਾਦਾ ਚੋਟ ਤੋ ਨਹੀਂ ਲਗੀ ਪਗਲੀ। ਸ਼ਿਵਾਨੀ ਤੁਮ ਭੀ ਇਤਨੀ ਰਾਤ ਤੱਕ ਕਿਯਾ ਕਰਤੀ ਰਹਤੀ ਹੋ। ਬੱਚੋਂ ਕੋ ਜਲਦੀ ਖਾਨਾ ਖਿਲਾ ਕਰ ਸੁਲਾ ਕਿਉਂ ਨਹੀਂ ਦੇਤੀ। ਤੁਝੇ ਤੋ ਮਾਲੂਮ ਹੈ ਨਾ! ਤੁਝੇ ਪਯਾਰ ਕੀਏ ਬਿਨਾਂ ਮੁਝੇ ਨੀਂਦ ਨਹੀਂ ਆਤੀ।" ਇਹ ਕਹਿ ਉਹ ਸ਼ਿਵਾਨੀ ਨੂੰ ਆਪਣੇ ਨਾਲ਼ ਲਾ ਕੇ ਘੁੱਟ ਲੈਂਦਾ।

ਸਾਰੇ ਹੀ ਕਹਿ ਰਹੇ ਸਨ ਕਿ ਇਸ ਵਾਰ ਦੋ ਦੀਵਾਲੀਆਂ ਆ ਰਹੀਆਂ ਹਨ। ਬਸੰਤ ਕੌਰ ਨੇ ਸ਼ਿਵਾਨੀ ਨੂੰ ਦੀਵਾਲੀ ਤੋਂ ਇੱਕ ਹਫ਼ਤਾ ਪਹਿਲਾਂ ਹੀ ਕੋਠੀ ਦੀ ਸਾਫ਼-ਸਫ਼ਾਈ ਕਰਨ ਲਈ ਕਹਿ ਦਿੱਤਾ ਸੀ। ਹੋਰਨਾਂ ਘਰਾਂ ਵਿੱਚ ਕੰਮ ਕਰਕੇ ਉਹ ਸਰਦਾਰਨੀ ਦੀ ਕੋਠੀ ਆ ਜਾਂਦੀ ਸੀ। ਸ਼ਿਵਾਨੀ ਇੱਕ ਤਾਂ ਕੰਮ ਦੀ ਛੋਹਲੀ ਸੀ। ਦੂਜਾ ਉਹ ਜੁਆਨ ਸੀ। ਤੀਜੀ ਅਤੇ ਸਭ ਤੋਂ ਵੱਡੀ ਗੱਲ ਇਹ ਸੀ ਕਿ ਸਰਦਾਰਨੀ ਉਸ ਨੂੰ ਧੀਆਂ ਵਾਂਗੂੰ ਪਿਆਰ ਕਰਦੀ ਸੀ। ਉਹ ਉਸ ਨੂੰ ਚੰਗਾ ਖਾਣ ਪੀਣ ਨੂੰ ਤਾਂ ਦਿੰਦੀ ਹੀ ਸੀ। ਇਸ ਤੋਂ ਇਲਾਵਾ ਹਰੇਕ ਤਿੱਥ ਤਿਓਹਾਰ ਉੱਤੇ ਉਸਨੂੰ ਨਵਾਂ ਸੂਟ, ਮਠਿਆਈ ਦਾ ਡੱਬਾ ਅਤੇ ਪੰਜ ਸੌ ਰੁਪਏ ਅਲੱਗ ਤੋਂ ਦਿੰਦੀ ਸੀ।

ਸ਼ਿਵਾਨੀ ਨੇ ਪੂਰੀ ਰੀਝ ਨਾਲ਼ ਤਿੰਨ ਮੰਜ਼ਲੀ ਕੋਠੀ ਨੂੰ ਅੰਦਰੋਂ ਬਾਹਰੋਂ ਚਮਕਾ ਦਿੱਤਾ ਸੀ। ਕੋਠੀ ਦੀਆਂ ਛੱਤਾਂ ਨੂੰ ਰਗੜ-ਰਗੜ ਕੇ ਧੋ ਦਿੱਤਾ ਸੀ। ਤੇ ਉਸ ਨੇ ਦੁੱਧ ਚਿੱਟਾ ਫ਼ਰਸ਼ ਕੱਢ ਦਿੱਤਾ ਸੀ। ਜੰਗਲੇ ਲਈ ਲਾਈਆਂ ਗਰਿੱਲਾਂ ਨੂੰ ਸੁੱਕੇ ਕੱਪੜੇ ਨਾਲ਼ ਰਗੜ-ਰਗੜ ਕੇ ਚਮਕਾ ਦਿੱਤਾ ਸੀ। ਕੋਠੀ ਵਿਚਲੀ ਕੋਈ ਥਾਂ ਅਜਿਹੀ ਨਹੀਂ ਸੀ, ਜਿਸ ਨੂੰ ਉਹਦੇ ਜਾਦੂਗਰੀ ਹੱਥਾਂ ਦੀ ਛੋਹ ਨਾ ਮਿਲੀ ਹੋਵੇ।

ਅੱਜ ਦੀਵਾਲੀ ਦਾ ਤਿਓਹਾਰ ਸੀ। ਸਰਦਾਰਨੀ ਨੇ ਚਾਹ ਪਿਲਾਉਣ ਉਪਰੰਤ ਸ਼ਿਵਾਨੀ ਨੂੰ ਆਪਣੇ ਕੋਲ ਬੁਲਾਇਆ। ਤੇ ਬੋਲੀ- "ਸ਼ਿਵਾਨੀ, ਤੇਰੇ ਲਈ ਦੀਵਾਲੀ ਦਾ ਇਹ ਲਾਲ ਰੰਗ ਦਾ ਨਵਾਂ ਸੂਟ ਲਿਆਂਦਾ ਹੈ। ਤੇਰੇ ਗੋਰੇ ਰੰਗ ਰੂਪ 'ਤੇ ਇਹ ਹੋਰ ਜ਼ਿਆਦਾ ਸਜੇਗਾ। ਆਹ ਪੰਜ ਹਜ਼ਾਰ ਰੁਪਏ ਤੇਰੀ ਇੱਕ ਹਫ਼ਤੇ ਦੀ ਮਿਹਨਤ ਦੇ ਹਨ। ਆਹ ਗਿਆਰਾਂ ਸੌ ਰੁਪਏ ਤੇਰੇ ਬੱਚਿਆਂ ਲਈ ਦੀਵਾਲੀ ਦੇ ਹਨ। ਆਹ ਦੋ ਡੱਬੇ ਮਠਿਆਈ ਦੇ ਤੇਰੇ ਲਈ ਲਿਆਂਦੇ ਹਨ। ਠੀਕ ਹੈ! ਖ਼ੁਸ਼ ਹੈਂ ਤੂੰ!"

"ਬੀਬੀ ਜੀ, ਇਤਨਾ ਜ਼ਿਆਦਾ। ਯੇ ਤੋ ਬੌਹੁਤ ਹੈ। ਬੀਬੀ ਜੀ, ਆਪ ਕਾ ਦਿਲ ਬੌਹੁਤ ਬੜਾ ਹੈ।" ਉਹ ਸਾਰਾ ਕੁਝ ਲੈ ਕੇ ਸਰਦਾਰਨੀ, ਸਰਦਾਰ ਅਤੇ ਉਨ੍ਹਾਂ ਦੇ ਧੀ ਪੁੱਤਰ ਨੂੰ ਅਸੀਸਾਂ ਦਿੰਦੀ ਹੋਈ ਆਪਣੇ ਘਰ ਚਲੀ ਗਈ ਸੀ।

ਸ਼ਾਮ ਨੂੰ ਛੇ ਵਜੇ ਸ੍ਰ. ਸੱਜਣ ਸਿੰਘ ਅਤੇ ਸਾਰਾ ਪਰਿਵਾਰ ਸ਼੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਵਿਖੇ ਮੱਥਾ ਟੇਕਣ ਚਲੇ ਗਏ। ਰਾਗੀ ਸਿੰਘ ਸ਼ਬਦ ਗਾਇਣ ਕਰ ਰਹੇ ਸਨ-

"ਦੀਵਾਲੀ ਕੀ ਰਾਤਿ ਦੀਵੇ ਬਾਲੀਅਨਿ।
ਤਾਰੇ ਜਾਤਿ ਸਨਾਤਿ ਅੰਬਰਿ ਭਾਲੀਅਨਿ।
ਫੁਲਾਂ ਦੀ ਬਾਗਾਤਿ ਚੁਣਿ ਚੁਣਿ ਚਾਲੀਅਨਿ।
ਤੀਰਥਿ ਜਾਤੀ ਜਾਤਿ ਨੈਣ ਨਿਹਾਲੀਅਨਿ।
ਹਰਿ ਚੰਦਉਰੀ ਝਾਤਿ ਵਸਾਇ ਉਚਾਲੀਅਨਿ।
ਗੁਰਮੁਖਿ ਸੁਖ ਫਲ ਦਾਤਿ ਸਬਦਿ ਸਮ੍ਹਾਲੀਅਨ॥"

ਸਾਰਾ ਦਰਬਾਰ ਸਾਹਿਬ ਰੰਗ ਬਿਰੰਗੀਆਂ ਰੌਸ਼ਨੀਆਂ ਅਤੇ ਲੜੀਆਂ ਨਾਲ਼ ਝਿਲਮਿਲ-ਝਿਲਮਿਲ ਕਰ ਰਿਹਾ ਸੀ। ਸਜੇ ਹੋਏ ਦਰਬਾਰ ਸਾਹਿਬ ਦਾ ਅਕਸ ਪਾਵਨ ਪਵਿੱਤਰ ਸਰੋਵਰ ਵਿੱਚ ਅਦਭੁਤ ਅਤੇ ਅਲੌਕਿਕ ਨਜ਼ਾਰਾ ਪੇਸ਼ ਕਰ ਰਿਹਾ ਸੀ। ਸੰਗਤਾਂ ਦਾ ਠਾਠਾਂ ਮਾਰਦਾ ਇਕੱਠ ਸ਼ਰਧਾ ਵਿੱਚ ਭਿੱਜਿਆ ਹੋਇਆ ਸੀ। ਇੰਝ ਜਾਪਦਾ ਸੀ ਜਿਵੇਂ ਸਾਰਾ ਮੁਲਖ਼ ਹੀ ਦਰਬਾਰ ਸਾਹਿਬ ਵਿਖੇ ਨਤਮਸਤਕ ਹੋਣ ਲਈ ਉਮੜ ਆਇਆ ਹੋਵੇ। ਉਹ ਸਰੋਵਰ ਦੇ ਕੰਢੇ ਬੈਠ ਗਏ। ਸਰਦਾਰਨੀ ਨੇ ਇੱਕੀ ਦੀਵੇ ਦੋ ਕਤਾਰਾਂ ਬਣਾ ਕੇ ਰੱਖ ਦਿੱਤੇ। ਹਰੇਕ ਦੀਵੇ ਵਿੱਚ ਰੂੰ ਦੀ ਇੱਕ ਇੱਕ ਬੱਤੀ ਵੱਟ ਕੇ ਧਰ ਦਿੱਤੀ। ਸਰਦਾਰ ਨੇ ਸਰੋਂ ਦੇ ਤੇਲ ਦੀ ਬੋਤਲ ਖੋਲ੍ਹ ਕੇ ਦੀਵਿਆਂ ਵਿੱਚ ਤੇਲ ਪਾਉਣਾ ਸ਼ੁਰੂ ਕਰ ਦਿੱਤਾ। ਫ਼ੇਰ ਉਨ੍ਹਾਂ ਸਾਰੇ ਦੀਵਿਆਂ ਬਾਲ਼ ਦਿੱਤੇ। ਗੁਰੂ ਰਾਮਦਾਸ ਜੀ ਦੇ ਚਰਨਾਂ ਵਿੱਚ ਨਮਸਕਾਰ ਕੀਤੀ। ਉਹ ਅੱਠ ਵੱਜਦੇ ਨਾਲ਼ ਆਪਣੀ ਕੋਠੀ ਵਿੱਚ ਵਾਪਸ ਆ ਗਏ।

ਅਗਲਾ ਦਿਨ ਚੜ੍ਹਿਆ। ਅਜੇ ਸਵੇਰ ਦੇ ਸੱਤ ਵਜੇ ਸਨ। ਸ਼ਿਵਾਨੀ ਸਫ਼ਾਈ ਕਰਨ ਲਈ ਆ ਗਈ ਸੀ। ਉਸ ਨੇ ਮੁਸਕੁਰਾਉਂਦੀਆਂ ਅੱਖਾਂ ਨਾਲ਼ ਸਰਦਾਰਨੀ ਨੂੰ ਨਮਸਤੇ ਕੀਤੀ। ਸਰਦਾਰਨੀ ਨੇ ਨਮਸਤੇ ਦਾ ਉੱਤਰ ਨਮਸਤੇ ਬੋਲ ਕੇ ਦਿੱਤਾ। ਫ਼ਿਰ ਉਸ ਨੇ ਸ਼ਿਵਾਨੀ ਨੂੰ ਪੁੱਛਿਆ- "ਸ਼ਿਵਾਨੀ! ਤੁਸੀਂ ਦੀਵਾਲੀ ਵਧੀਆ ਮਨਾਈ?"

"ਨਹੀਂ, ਬੀਬੀ ਜੀ। ਹਮ ਗ਼ਰੀਬ ਵਾ ਮਜ਼ਦੂਰ ਲੋਗੋਂ ਕੀ ਕਿਯਾ ਦੀਵਾਲੀ? ਕੱਲ੍ਹ ਆਪ ਕੀ ਕੋਠੀ ਸੇ ਹਮ ਕਿਤਨਾ ਖੁਸ਼ ਹੋ ਕਰ ਅਪਨੇ ਘਰ ਗਏ ਥੇ। ਰਾਤ ਕੇ ਸਾਤ ਵਜੇ ਹੋਂਗੇ! ਯੇ ਬਹੁਤ ਜ਼ਾਦਾ ਦਾਰੂ ਪੀ ਕਰ ਘਰ ਆਯਾ। ਆਤੇ ਹੀ ਪਹਲੇ ਤੋ ਮੁਝੇ ਪੀਟਾ। ਫ਼ਿਰ ਬੱਚੋਂ ਕੋ ਪੀਟਨੇ ਲਗਾ। ਸਬ ਸੇ ਛੋਟੇ ਕੋ ਤੋ ਉਸ ਨੇ ਉਠਾ ਕਰ ਜ਼ਮੀਂਨ ਪਰ ਪਟਕ ਦੀਆ। ਹਮ ਤੋ ਸਾਰੀ ਰਾਤ ਰੋਤੇ ਰਹੇ ਬੀਬੀ ਜੀ।" ਉਸ ਨੇ ਅੱਖਾਂ ਭਰ ਕੇ ਕਿਹਾ।

"ਸ਼ਿਵਾਨੀ! ਤੂੰ ਇੰਨੀਂ ਮਿਹਨਤ ਕਰਕੇ ਆਪਣੇ ਬੱਚਿਆਂ ਨੂੰ ਪਾਲ਼ ਰਹੀ ਹੈਂ। ਪੜ੍ਹਾ ਰਹੀ ਹੈਂ। ਫ਼ਿਰ ਵੀ ਤੇਰੇ ਘਰਵਾਲ਼ਾ ਤੈਨੂੰ ਕਿਉਂ ਮਾਰਦਾ ਕੁੱਟਦਾ ਹੈ?"

"ਬੀਬੀ ਜੀ! ਅਬ ਹਮ ਆਪ ਕੋ ਕਿਯਾ ਬਤਾਵੇਂ? ਹਮ ਕੋ ਸਰਮ ਆਤੀ ਹੈ। ਔਰਤ ਕੀ ਤੋ ਜੂਨ ਹੀ ਬੁਰੀ ਹੈ। ਕੱਲ੍ਹ ਰਾਤ ਜਬ ਵੋ ਘਰ ਆਯਾ ਤੋ ਬੱਚੇ ਦੀਵਾਲੀ ਕੀ ਖੁਸ਼ੀ ਮੇਂ ਜਾਗ ਰਹੇ ਥੇ। ਉਸ ਨੇ ਮੁਝੇ ਔਰ ਬੱਚੋਂ ਕੋ ਇਸੀ ਲੀਏ ਪੀਟਾ ਕਿ ਉਸ ਕੇ ਘਰ ਆਨੇ ਤੱਕ ਮੈਂਨੇ ਬੱਚੋਂ ਕੋ ਸੁਲਾਯਾ ਕਿਉਂ ਨਹੀਂ ਥਾ।" ਇਹ ਕਹਿ ਕੇ ਉਸ ਦੀ ਭੁੱਬ ਨਿੱਕਲ ਗਈ ਸੀ।



ਡਾ. ਇਕਬਾਲ ਸਿੰਘ ਸਕਰੌਦੀ।
84276-85020.

# ਟਰੰਪ ਦੇ ਸ਼ਬਦ ਉਸਦੇ ਵਿਸ਼ਵ ਦ੍ਰਿਸ਼ਟੀਕੋਣ ਦੇ ਖੋਖਲੇਪਨ ਨੂੰ ਦਰਸਾਉਂਦੇ ਹਨ



ਕਿਸੇ ਨੇ ਠੀਕ ਹੀ ਕਿਹਾ ਹੈ ਕਿ 'ਸੱਚ ਔਖਾ ਹੈ, ਪ੍ਰਚਾਰ ਸਸਤਾ ਹੈ।' ਇਹ ਇੱਕ ਤੱਥ ਹੈ ਭਾਵੇਂ ਇਹ ਸੰਯੁਕਤ ਰਾਸ਼ਟਰ ਮਹਾਸਭਾ (ੂੰਘਅ)) ਦੇ ਸਭ ਤੋਂ ਉੱਚੇ ਮੰਚ ਤੋਂ ਆਉਂਦਾ ਹੈ। ਇਨ੍ਹਾਂ ਦਿਨਾਂ ਵਿੱਚ ਵਿਸ਼ਵ ਨੇਤਾ ਆਪਣੇ ਆਪ ਬਾਰੇ ਜਨੂੰਨ ਹਨ ਅਤੇ ਸਵੈ-ਪ੍ਰਚਾਰ ਲਈ ਕਿਸੇ ਵੀ ਪਲੇਟਫਾਰਮ ਦੀ ਵਰਤੋਂ ਕਰਨ ਵਿੱਚ ਕੋਈ ਇਤਰਾਜ਼ ਨਹੀਂ ਰੱਖਦੇ। ਇਹ ਉਹੀ ਹੈ ਜੋ ਸੰਯੁਕਤ ਰਾਸ਼ਟਰ ਵਿੱਚ ਰਾਸ਼ਟਰਪਤੀ ਡੋਨਾਲਡ ਟਰੰਪ ਦਾ ਸੰਬੋਧਨ ਸੀ - ਸਵੈ-ਪ੍ਰਚਾਰ ਵਿੱਚ ਇੱਕ ਮਾਸਟਰ ਕਲਾਸ ਭਾਵੇਂ ਇਹ ਤੱਥਾਂ ਅਤੇ ਅਜੀਬ ਤਰਕ ਦੀ ਕੀਮਤ 'ਤੇ ਆਇਆ ਹੋਵੇ। ਇਹ ਪਖੰਡ ਅਤੇ ਦੋਹਰੇ ਮਾਪ -ਡੰਡ ਵਾਲੇ ਹਰਫਾਂ ਅਤੇ ਤਕਰੀਰਾਂ ਨਾਲ ਭਰਿਆ ਹੋਇਆ ਸੀ।

ਦੁਨੀਆ ਦੇ ਸਾਹਮਣੇ ਖੜ੍ਹੇ ਹੋ ਕੇ, ਉਸਨੇ ਆਪਣੇ ਆਪ ਨੂੰ ਇੱਕ ਸ਼ਾਂਤੀ ਨਿਰਮਾਤਾ ਵਜੋਂ ਦਰਸਾਇਆ ਜਿਸਨੇ "ਸੱਤ ਨਾ ਖਤਮ ਹੋਣ ਵਾਲੀਆਂ ਜੰਗਾਂ ਨੂੰ ਖਤਮ ਕਰਨ ਦੀ ਦਲੀਲ ਪੇਸ਼ ਕੀਤੀ", ਫਿਰ ਵੀ ਉਸਦੇ ਸ਼ਬਦ ਉਸਦੇ ਕੰਮਾਂ ਦੇ ਪਿਛੋਕੜ ਦੇ ਵਿਰੁੱਧ ਖੋਖਲੇ ਸਨ ਜਿਨ੍ਹਾਂ ਨੇ ਟਕਰਾਅ ਨੂੰ ਹਵਾ ਦਿੱਤੀ, ਹਮਲਾਵਰਾਂ ਨੂੰ ਹੌਸਲਾ ਦਿੱਤਾ, ਅਤੇ ਵਿਸ਼ਵ ਵਿਵਸਥਾ ਨੂੰ ਕਮਜ਼ੋਰ ਕੀਤਾ।

ਟਰੰਪ ਨੇ ਸ਼ੇਖੀ ਮਾਰੀ ਕਿ ਉਸਨੇ ਇਹਨਾਂ ਦੇਸ਼ਾਂ ਦੀਆਂ ਜੰਗਾਂ ਰੋਕਣ ਦਾ ਦਾਅਵਾ ਕੀਤਾ ਹੈ। ਇਸ ਵਿੱਚ "ਭਾਰਤ-ਪਾਕਿਸਤਾਨ, ਥਾਈਲੈਂਡ-ਕੰਬੋਡੀਆ, ਅਰਮੇਨੀਆ-ਅਜ਼ਰਬਾਈਜਾਨ, ਕੋਸੋਵੋ-ਸਰਬੀਆ, ਇਜ਼ਰਾਈਲ-ਈਰਾਨ, ਮਿਸਰ-ਇਥੋਪੀਆ, ਅਤੇ ਰਵਾਂਡਾ-ਕਾਂਗੋ ਸ਼ਾਮਿਲ ਹਨ। ਅਸੀਂ ਇਨ੍ਹਾਂ ਸਾਰੀਆਂ ਜੰਗਾਂ ਨੂੰ ਰੋਕਿਆ। ਇਨ੍ਹਾਂ ਜੰਗਾਂ ਵਿੱਚੋਂ 60%, ਅਸੀਂ ਸਿਰਫ਼ ਵਪਾਰ ਰਾਹੀਂ ਹੀ ਰੋਕੀਆਂ।"ਕੰਬੋਡੀਆ ਅਤੇ ਥਾਈਲੈਂਡ ਤੋਂ ਲੈ ਕੇ ਅਰਮੀਨੀਆ ਅਤੇ ਅਜ਼ਰਬਾਈਜਾਨ ਤੱਕ ਟਕਰਾਅ ਨੂੰ "ਖ਼ਤਮ" ਕੀਤਾ, ਇੱਥੋਂ ਤੱਕ ਕਿ ਭਾਰਤ-ਪਾਕਿਸਤਾਨ ਵਿਵਾਦ ਨੂੰ ਹੱਲ ਕਰਨ ਦਾ ਦਾਅਵਾ ਵੀ ਕੀਤਾ।

ਇਹ ਇੱਕ ਹੋਰ ਗੱਲ ਹੈ ਕਿ ਭਾਰਤ ਨੇ ਆਪਣੇ ਦਾਅਵੇ ਦਾ ਸਖ਼ਤੀ ਨਾਲ ਖੰਡਨ ਕੀਤਾ ਹੈ। ਅਜਿਹੇ ਦਾਅਵੇ ਇਤਿਹ-ਾਸ ਅਤੇ ਤੱਥਾਂ ਪ੍ਰਤੀ ਉਸਦੀ ਅਣਦੇਖੀ ਨੂੰ ਦਰਸਾਉਂਦੇ ਹਨ। ਇਸ ਤੋਂ ਵੀ ਵੱਧ ਝੰਜੋੜਨ ਵਾਲਾ ਉਸਦਾ ਚੋਣਵਾਂ ਗੁੱਸਾ ਹੈ। ਟਰੰਪ ਨੇ ਸੰਯੁਕਤ ਰਾਸ਼ਟਰ ਦਾ ਮਜ਼ਾਕ ਉਡਾਇਆ ਕਿ ਉਹ ਅਸਲ ਕਾਰਵਾਈ ਦੀ ਬਜਾਏ "ਖਾਲੀ ਭਰੋਸੇ ਵਾਲੇ ਸ਼ਬਦ" ਅਤੇ "ਸਖ਼ਤ ਸ਼ਬਦਾਂ ਵਾਲੇ ਭਾਸ਼ਨ" ਵਰਤ ਕੇ ਲੋਕਾਂ ਦੀਆਂ ਅੱਖਾਂ ਵਿਚ ਅੱਖੀ ਘੱਟਾ ਪਾ ਰਹੇ ਹਨ, ਉਹਨਾਂ ਨੂੰ ਗੁਮਰਾਹ ਕਰ ਰਹੇ ਹਨ। ਜੋ ਸਭ ਤੋਂ ਵਧੀਆ ਪਖੰਡ ਹੈ।

ਯਾਦ ਰਹੇ ਕਿ ਟਰੰਪ ਉਨ੍ਹਾਂ ਕੁਝ ਵਿਸ਼ਵ ਨੇਤਾਵਾਂ ਵਿੱਚੋਂ ਇੱਕ ਹੈ ਜਿਨ੍ਹਾਂ ਨੇ ਕਿਸੇ ਵੀ ਮੌਕੇ 'ਤੇ ਸੰਯੁਕਤ ਰਾਸ਼ਟਰ ਨੂੰ ਬਾਈਪਾਸ ਕਰਨ ਅਤੇ ਵਿਗਾੜਨ ਦੀ ਕੋਸ਼ਿਸ਼ ਕੀਤੀ ਹੈ। ਉਹੀ ਆਦਮੀ ਜੋ ਦੂਜਿਆਂ ਨੂੰ ਨਾਕਾਮੀ ਲਈ ਮਖੌਲ ਉਡਾਉਂਦਾ ਹੈ, ਇੱਕ ਅਜਿਹੀ ਵਿਦੇਸ਼ ਨੀਤੀ ਦੀ ਪ੍ਰਧਾਨਗੀ ਕਰਦਾ ਹੈ ਜਿਸਨੇ ਇਜ਼ਰਾਈਲ ਨੂੰ ਗਾਜ਼ਾ ਨੂੰ ਤਬਾਹ ਕਰਨ ਦੀ ਖੁੱਲ੍ਹ ਦਿੱਤੀ ਹੈ। ਈਰਾਨ 'ਤੇ ਉਸਦੀ ਬਿਆਨਬਾਜ਼ੀ ਨੇ ਉਸਦੇ ਵਿਰੋਧਾਭਾਸਾਂ ਨੂੰ ਹੋਰ ਵੀ ਉਜਾਗਰ ਕੀਤਾ ਹੈ।

ਇਸ ਦੇ ਬਾਵਜੂਦ ਰਾਸ਼ਟਰਪਤੀ ਟਰੰਪ ਕਹਿ ਰਿਹਾ ਹੈ ਕਿ ਰੂਸ ਅਤੇ ਯੂਕਰੇਨ ਵਿਚਕਾਰ ਚੱਲ ਰਹੀ ਜੰਗ ਨੂੰ ਖਤਮ ਕਰ ਦਿੰਦੇ ਹਨ ਤਾਂ ਉਹ ਨੋਬਲ ਸ਼ਾਂਤੀ ਪੁਰਸਕਾਰ ਪ੍ਰਾਪਤ ਕਰ ਸਕਦੇ ਹਨ। ਇੱਕ ਜੰਗ ਰੋਕਣ ਨਾਲ ਪੁਰਸਕਾਰ ਮਿਲਦਾ ਹੈ, ਪਰ ਸੱਤ ਜੰਗਾਂ ਰੋਕਣ ਨਾਲ ਕੁਝ ਨਹੀਂ ਮਿਲਦਾ? ਮੈਨੂੰ ਸੱਤਾਂ ਲਈ ਸੱਤ ਨੋਬਲ ਪੁਰਸਕਾਰ ਮਿਲਣੇ ਚਾਹੀਦੇ ਹਨ।" ਹੈਰਾਨੀ ਦੀ ਗੱਲ ਹੈ ਕਿ ਅਮਰੀਕਾ ਵਿਚ ਟਰੰਪ ਤੇ 34 ਅਪਰਾਧਿਕ ਕੇਸਾਂ ਦਾ ਚੱਲ ਰਹੇ ਹਨ ਅਤੇ ਉਸ ਤੇ ਇੱਕ ਔਰਤ ਨੂੰ ਬਦਨਾਮ ਕਰਨ ਅਤੇ ਦੁਰਵਿਵਹਾਰ ਕਰਨ ਦਾ ਕੇਸ ਵੀ ਚੱਲ ਰਿਹਾ ਹੈ। ਹੁਣ ਤੱਕ ਕਿਸੇ ਵੀ ਦੇਸ਼ ਦੇ ਰਾਸਟਪਤੀ ਜਾਂ ਪ੍ਰਧਾਨ ਮੰਤਰੀ ਨੇ ਉਸ ਨੂੰ ਪੁਚਕਾਰਿਆਂ ਤੱਕ ਨਹੀਂ ਨਾ ਹੀ ਉਸ ਦੀ ਕੋਈ ਮੰਨੀ ਹੈ, ਉਹ ਫਿਰ ਵੀ ਸੱਤ ਸ਼ਾਂਤੀ ਦੇ ਪੁਰਸਕਾਰਾਂ ਦੀ ਮੰਗ ਰਿਹਾ ਹੈ।

ਅਸਲ ਵਿਚ ਟਰੰਪ ਨੇ ਸ਼ਾਂਤੀ ਨੂੰ ਉਤਸ਼ਾਹਿਤ ਕਰਨ ਦੀ ਗੱਲ ਕੀਤੀ ਜਦੋਂ ਕਿ ਤਹਿਰਾਨ ਪ੍ਰਤੀ ਦੁਸ਼ਮਣੀ ਨੂੰ ਤੇਜ਼ ਕੀਤਾ, ਸੱਚੀ ਗੱਲਬਾਤ ਦੀ ਮੰਗ ਕਰਨ ਦੀ ਬਜਾਏ ਟਕਰਾਅ ਦੀ ਸਥਿਤੀ ਬਣਾਉਂਦੇ ਹੋਏ ਬਲਦੀ ਅੱਗ ਤੇ ਤੇਲ ਪਾ ਕਿ ਉਸ ਨੂੰ ਭੜਕਾਇਆ ਹੈ। ਇੱਕ ਪ੍ਰਭੂਸੱਤਾ ਸੰਪੰਨ ਰਾਜ ਨਾਲ ਤਣਾਅ ਵਧਾਉਂਦੇ ਹੋਏ, ਗਾਜ਼ਾ ਵਿੱਚ ਇਜ਼ਰਾਈਲ ਦਾ ਬਚਾਅ ਕਰਦੇ ਹੋਏ, ਵਿਸ਼ਵ ਸ਼ਾਂਤੀ ਦੀ ਮੰਗ ਕਿਵੇਂ ਕੀਤੀ ਜਾ ਸਕਦੀ ਹੈ? ਯੂਕਰੇਨ 'ਤੇ ਵੀ, ਟਰੰਪ ਦੇ ਦੋਹਰੇ ਮਾਪਦੰਡ ਦਿਖਾਈ ਦੇ ਰਹੇ ਹਨ।

ਜਦ ਕਿ ਉਸਨੇ ਭਾਰਤ ਅਤੇ ਚੀਨ 'ਤੇ ਰੂਸੀ ਤੇਲ ਖਰੀਦ ਕੇ ਯੁੱਧ ਨੂੰ ਫੰਡ ਦੇਣ ਦਾ ਦੋਸ਼ ਲਗਾਇਆ, ਅਮਰੀਕਾ ਦੇ ਦਖਲਅੰਦਾਜ਼ੀ, ਹਥਿਆਰਾਂ ਦੀ ਸਪਲਾਈ ਅਤੇ ਪ੍ਰੌਕਸੀ ਯੁੱਧਾਂ ਦੇ ਆਪਣੇ ਲੰਬੇ ਇਤਿਹਾਸ ਨੂੰ ਆਸਾਨੀ ਨਾਲ ਨਜ਼ਰਅੰਦਾਜ਼ ਕੀਤਾ ਜਿਨ੍ਹਾਂ ਨੇ ਖੇਤਰਾਂ ਵਿਚਕਾਰ ਅਸਥਿਰਤਾ ਪੈਦਾ ਕੀਤੀ ਹੈ। ਦਿਲਚਸਪ ਗੱਲ ਇਹ ਹੈ ਕਿ ਉਹ ਰੂਸ ਨੂੰ ਸਿੱਧੇ ਨਿੰਦਾ ਤੋਂ ਬਚਾ ਰਿਹਾ ਸੀ ਜਦੋਂ ਕਿ ਦੋਸ਼ ਨਵੀਂ ਦਿੱਲੀ ਅਤੇ ਬੀਜਿੰਗ 'ਤੇ ਲਗਾ ਰਿਹਾ ਸੀ। ਸ਼ਾਂਤੀ ਦਾ ਉਸਦਾ ਸੰਸਕਰਣ ਕੁਝ ਵੀ ਨਹੀਂ, ਸਗੋਂ ਇੱਕ ਸੱਚਾਈ ਨਾਲ ਗੱਲਬਾਤ ਕਰਨ ਵਿੱਚ ਆਪਣੀ ਅਸਫਲਤਾ ਨੂੰ ਛੁਪਾਉਣ ਲਈ ਇੱਕ ਦਲੀਲ ਸੀ ਜੋ ਉਸ ਨੇ ਦੂਜਿਆਂ ਨੂੰ ਗਲਤ ਸਾਬਿਤ ਕਰਨ ਦੀ ਕੋਸ਼ਿਸ਼ ਕੀਤੀ ਜਦ ਕਿ ਸਾਰੀ ਦੁਨੀਆਂ ਜਾਣਦੀ ਹੈ ਕਿ ਉਹ ਕਿਸੇ ਦਾ ਵੀ ਸਕਾ ਨਹੀਂ ਹੈ, ਉਸ ਦੀ ਜਬਾਨ ਤੇ ਹਰਪਲ ਝੂਠ ਅਤੇ ਮਕਾਰੀ ਦਾ ਭੂਤ ਸਵਾਰ ਰਹਿੰਦਾ ਹੈ। ਉਸ ਦੀ ਕਿਸੇ ਵੀ ਗੱਲ ਤੇ ਵਿਸ਼ਵਾਸ ਕਰਨਾ ਹਰਹਾਲ ਵਿਚ ਗਲਤ ਹੋਵੇਗਾ।

ਜੇਕਰ ਝੂਠ ਦੀ ਜਿੱਤ ਹੁੰਦੀ ਹੈ ਤਾਂ ਸਾਰੇ ਝੂਠ ਬੋਲਣ ਲਗ ਜਾਣ। ਇਤਿਹਾਸ ਗਵਾਹ ਹੈ ਕਿ ਵਕਤੀ ਤੌਰ ਤੇ ਝੂਠ ਦੀ ਜਿੱਤ ਹੁੰਦੀ ਹੈ, ਪਰ ਅੰਤ ਵਿੱਚ ਸਚਾਈ ਹੀ ਰਹਿੰਦੀ ਹੈ। ਬਾਬਰ ਦਾ ਰਾਜ ਸੀ, ਪਰ ਗੁਰੂ ਨਾਨਕ ਦੇਵ ਜੀ ਉਨ੍ਹਾਂ ਦੀ ਜੇਲ ਵਿੱਚ ਸਨ। ਜਹਾਂਗੀਰ ਸਿੰਘਾਸਣ ਤੇ ਬੈਠਾ, ਪਰ ਗੁਰੂ ਅਰਜਨ ਦੇਵ ਜੀ ਤੱਤੀ ਤਵੀ ਤੇ ਸਹੀਦ ਹੋਏ। ਔਰੰਗਜੇਬ ਸ਼ਾਹੀ ਕੁਰਸੀ ਤੇ, ਪਰ ਗੁਰੂ ਤੇਗ ਬਹਾਦਰ ਜੀ ਨੇ ਚਾਂਦਨੀ ਚੌਕ ਵਿੱਚ ਸਿਰ ਵਾਰ ਦਿੱਤਾ। ਸਰਹੰਦ ਦੇ ਜ਼ਾਲਮ ਹਕੂਮਤ ਕਰ ਰਹੇ ਸਨ, ਪਰ ਗੁਰੂ ਗੋਬਿੰਦ ਸਿੰਘ ਜੀ ਦੇ ਪਿਆਰੇ ਸਾਹਿਬਜ਼ਾਦਿਆਂ ਨੇ ਸੱਚ ਲਈ ਆਪਣੇ ਜੀਵਨ ਦੀ ਕੁਰਬਾਨੀ ਦੇ ਦਿੱਤੀ।

ਸਮਾਂ ਬਦਲਿਆ, ਝੂਠ ਮਿਟ ਗਿਆ, ਪਰ ਗੁਰੂ ਸਾਹਿਬਾਨ ਦੀ ਮਹਾਨਤਾ ਅੱਜ ਵੀ ਅਮਰ ਹੈ। ਬਾਬਰ, ਜਹਾਂਗੀਰ, ਔਰੰਗਜੇਬ ਵਰਗਿਆਂ ਨੂੰ ਅੱਜ ਕੋਈ ਪੁੱਛਣ ਵਾਲਾ ਨਹੀਂ, ਪਰ ਗੁਰੂ ਨਾਨਕ ਸਾਹਿਬ ਦੀ ਬਾਣੀ ਅੱਜ ਵੀ ਪੂਰੀ ਦੁਨੀਆ ਵਿੱਚ ਗੂੰਜ ਰਹੀ ਹੈ। ਇਹ ਸੱਚ ਦੀ ਸ਼ਕਤੀ ਹੈ - "ਕੂੜ ਨਿਖੁਟੇ ਨਾਨਕਾ ਓੜਤ ਸਚ ਰਹੀ।"

ਇਹ ਹਾਲ ਇਕ ਦਿਨ ਟਰੰਪ ਦਾ ਹੋਵੇਗਾ। ਇਕ ਦਿਨ ਸੱਚ ਸਾਹਮਣੇ ਆਵੇਗਾ। ਉਸ ਦੇ ਝੂਠ ਦਾ ਅੰਤ ਹੋਵੇਗਾ। ਉਸ ਦਾ ਨਾਮੋ - ਨਿਸ਼ਾਨ ਮਿਟ ਜਾਵੇਗਾ।

ਜਦ ਕਿ ਇੱਕ ਸੱਚਾ ਸ਼ਾਂਤੀ ਨਿਰਮਾਤਾ ਵਿਸ਼ਵਾਸ ਬਣਾਉਂਦਾ ਹੈ, ਸ਼ਕਤੀ ਨੂੰ ਸੰਤੁਲਿਤ ਕਰਦਾ ਹੈ, ਅਤੇ ਲੜਾਇਆਂ ਨੂੰ ਰੋਕਦਾ ਹੈ। ਟਰੰਪ ਝੂਠੇ ਦਾਅਵੇ ਕਰਦਾ ਰਹਿੰਦਾ ਹੈ, ਆਪਣੀ ਭੂਮਿਕਾ ਨੂੰ ਵਧਾਉਂਦਾ ਹੈ, ਅਤੇ ਆਪਣੀ ਲੱਤ ਉਪਰ ਰੱਖਣ ਲਈ ਹਰ ਕੋਸ਼ਿਸ ਕਰਦਾ ਰਹਿੰਦਾ ਹੈ।

ਇਹ ਵੀ ਕੋਈ ਹੈਰਾਨੀ ਵਾਲੀ ਗੱਲ ਨਹੀਂ ਹੈ ਕਿ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਨੂੰ ਯੂਕਰੇਨ ਵਿੱਚ ਟਕਰਾਅ ਬੰਦ ਕਰਵਾਉਣ ਲਈ ਟਰੰਪ ਦੇ ਸਾਰੇ ਯਤਨ ਬੁਰੀ ਤਰ੍ਹਾਂ ਅਸਫਲ ਹੋ ਗਏ ਹਨ। ਪੁਤਿਨ ਜਾਣਦੇ ਹਨ ਕਿ ਇਹ ਸਭ ਪਖੰਡੀ ਅਤੇ ਬੇਇਨਸਾਫ਼ੀ ਵਾਲਾ ਇੰਨਸਾਨ ਹੈ। ਅਸਲੀਅਤ ਵਿੱਚ, ਪੁਤਿਨ ਕਿਤੇ ਜ਼ਿਆਦਾ ਸਖ਼ਤ ਹੋ ਰਹੇ ਹਨ ਅਤੇ ਯੂਕਰੇਨ ਵਿੱਚ ਪਿੰਡਾਂ ਨੂੰ ਤਬਾਹ ਕਰਕੇ ਗਾਜ਼ਾ ਵਿੱਚ ਇਜ਼ਰਾਈਲ ਦੀ ਮਿਸਾਲ 'ਤੇ ਚੱਲ ਰਹੇ ਹਨ।

ਆਪਣੀ ਗੱਲ ਦਾ ਲੋਹਾ ਮਨਵਾਉਣ ਲਈ ਚੋਣਵੇਂ ਤੌਰ 'ਤੇ ਪੱਖ ਰੱਖਦਾ ਹੈ। ਉਹ ਯੁੱਧਾਂ ਨੂੰ ਖਤਮ ਕਰਨ ਦਾ ਦਾਅਵਾ ਕਰਦਾ ਹੈ ਪਰ ਫੌਜੀ ਵਾਧੇ ਦਾ ਸਮਰਥਨ ਕਰਦਾ ਹੈ; ਉਹ ਸੰਯੁਕਤ ਰਾਸ਼ਟਰ ਦਾ ਮਜ਼ਾਕ ਉਡਾਉਂਦਾ ਹੈ ਪਰ ਬਹੁਪੱਖੀਵਾਦ ਨੂੰ ਵਿਗਾੜਨ 'ਤੇ ਵਧਦਾ-ਫੁੱਲਦਾ ਹੈ; ਉਹ ਗਾਜ਼ਾ ਵਿੱਚ ਕਤਲੇਆਮ ਨੂੰ ਸਮਰੱਥ ਬਣਾਉਣ ਵਾਲੀਆਂ ਨੀਤੀਆਂ ਦੀ ਪ੍ਰਧਾਨਗੀ ਕਰਦੇ ਹੋਏ ਆਪਣੇ ਆਪ ਨੂੰ ਸ਼ਾਂਤੀ ਨਿਰਮਾਤਾ ਦਰਸਾਉਂਦਾ ਹੈ।

ਟਰੰਪ ਦੇ ਸ਼ਬਦਾਂ ਦਾ ਖੋਖਲਾਪਨ ਉਸਦੇ ਵਿਸ਼ਵ ਦ੍ਰਿਸ਼ਟੀਕੋਣ ਦੀ ਡੂੰਘੀ ਖੋਖਲੇਪਨ ਨੂੰ ਦਰਸਾਉਂਦੀ ਹੈ। ਸ਼ਾਂਤੀ ਸੰਯੁਕਤ ਰਾਸ਼ਟਰ ਦੇ ਮੰਚ 'ਤੇ ਦੁਹਰਾਉਣ ਵਾਲਾ ਨਾਅਰਾ ਨਹੀਂ ਹੈ; ਇਹ ਇਕਸਾਰਤਾ, ਨਿਰਪੱਖਤਾ ਅਤੇ ਮਨੁੱਖਤਾ ਨਾਲ ਅਭਿਆਸ ਕਰਨ ਦੀ ਜ਼ਿੰਮੇਵਾਰੀ ਹੈ ਜਿਸ ਤੋਂ ਉਹ ਵਾਰ - ਵਾਰ ਭਟਕ ਚੁੱਕਾ ਹੈ।



**ਸੁਰਜੀਤ ਸਿੰਘ ਫਲੋਰਾ**

**SURJIT SINGH FLORA**
**6 Havelock Drive,**
**Brampton, ON**
**L6W 4A5 Canada**
**647-829-9397**

# ਪੰਜਾਬ ਬਨਾਮ ਦਿੱਲੀ ਦੇ ਚੌਧਰੀ)

ਭਗਵੰਤ ਮਾਨ ਜੀ ਗੁੱਸਾ ਨਾਂ ਕਰਿਓ, ਦਿੱਲੀ ਵਾਲੇ ਵਿਹਲੜ ਚੌਧਰੀ ਕਾਹਦੇ ਵਾਸਤੇ ਇੱਥੇ ਬਿਠਾ ਰੱਖੇ ਹਨ। ਪੰਜਾਬ ਦੇ ਲੋਕਾਂ ਨੇ ਤੁਹਾਨੂੰ ਚੁਣਿਆ ਹੈ ਨਾ ਕਿ ਇਨ੍ਹਾਂ ਚੌਧਰੀਆਂ ਨੂੰ। ਇਹ ਤਾਂ ਤੁਹਾਡੀ ਬੇੜੀ ਵਿੱਚ ਵੱਟੇ ਪਾਉਣ ਲੱਗੇ ਪਏ ਹਨ। ਇਕ ਨਾ ਇਕ ਦਿਨ ਤੁਹਾਨੂੰ ਡੋਬ ਕੇ ਇਨ੍ਹਾਂ ਨੇ ਪਾਰ ਜਾਣਾ ਹੈ। ਪੰਜਾਬ ਦੇ ਖਜ਼ਾਨੇ ਨੂੰ ਚੂਨਾ ਲਾ ਰਹੇ ਹਨ। ਦੁਨੀਆਂ ਤੇ ਤੁਹਾਨੂੰ ਇਹੀ ਸਲਾਹਕਾਰ ਮਿਲੇ ਹਨ। ਕੀ ਤੁਹਾਡੇ ਕੋਲ ਕਾਬਲ ਐਡਵਾਈਜਰਾਂ ਦੀ ਘਾਟ ਹੈ ? ਪੈਸੇ ਦੀ ਬੱਚਤ ਕਰਨੀ ਹੈ, ਤਾਂ ਇਨ੍ਹਾਂ ਕਾਲੇ ਕਾਵਾਂ ਤੋਂ ਛੁਟਕਾਰਾ ਪਾਓ !

ਸਾਡੀ ਸਲਾਹ ਮੰਨੋ, ਵਧੀਆ ਰਹੋਗੇ, ਨਹੀਂ ਤਾਂ



ਛਣਕਣਾ ਵਜਾਉਣ ਜੋਗੇ, ਹਾਸਰਸ ਕਲਾਕਾਰ ਹੀ ਰਹਿ ਜਾਉਗੇ। ਚੁਪਾਲਾਂ, ਮਹਿਫਲਾਂ ਚ ਇਹੀ ਵਾਰਤਾਲਾਪ ਚਲਦਾ ਰਹਿੰਦਾ ਹੈ, ਮਾਨ ਨੇ ਦੀਵੇ ਥੱਲੇ ਹਨੇਰਾ ਕਰ ਰੱਖਿਆ ਹੈ। ਬਿਜਲੀ ਦੇ ਬੈਟਰੇ, ਜਿੰਨਾ ਮਰਜੀ ਚਲਾਈ ਜਾਵੇ, ਜਨਤਾ ਬਹੁਤ ਜਾਗਰੂਕ ਹੋ ਚੁੱਕੀ ਹੈ, ਪਾਸਾ ਪੁੱਠਾ ਪੈਣ ਨੂੰ ਦੇਰ ਨ੍ਹੀਂ ਲੱਗਣੀ। ਚਿੰਤਨ ਕਰੋ ! ਆਪਣੇ ਪੰਜਾਬੀ ਵੀਰਾਂ, ਮੰਤਰੀਆਂ, ਕੈਬਨਿਟ ਵਜ਼ੀਰਾਂ ਨਾਲ, ਸਮੇਂ ਨੇ ਹੱਥ ਨਹੀਂ ਆਉਣਾ।

ਕਈ ਵਾਰ ਲੋਕਾਂ ਨੇ ਸ਼ੀਸ਼ਾ ਦਿਖਾਇਆ ਹੈ। ਜਿਵੇਂ ਉਧਮ ਸਿੰਘ ਦੀ ਬਰਸੀ ਮੌਕੇ ਸੁਨਾਮ ਵਿੱਚ ਲੋਕਾਂ ਨੇ ਤੁਹਾਨੂੰ ਸੁਣਿਆ, ਪਰ ਜਦੋਂ ਕੇਜਰੀਵਾਲ ਬੋਲਣ ਲਈ ਉੱਠਿਆ, ਸਾਰਾ ਪੰਡਾਲ ਖਾਲੀ ਹੋ ਗਿਆ। ਇਸ ਤੋਂ ਵੱਡੀ ਬੇਇਜ਼ਤੀ ਉਨ੍ਹਾਂ ਦੀ ਕੀ ਹੋਊਗੀ ? ਹੁਣ ਛਿੱਤਰ ਪੈਣ ਤੱਕ ਦੀ ਨੌਬਤ ਵੀ ਆ ਸਕਦੀ ਹੈ।ਜਲਦੀ ਤੋਂ ਜਲਦੀ ਕੇਜਰੀਵਾਲ, ਸਿਸੋਦੀਆ ਵਰਗਿਆਂ ਤੋਂ ਖਹਿੜਾ ਛੁਡਵਾ ਲਵੋ, ਅਜੇ ਵੀ ਆਖਰੀ ਮੌਕਾ ਹੈ। ਸੰਭਲ ਜਾਓ, ਤੁਹਾਡਾ ਵੋਟ ਬੈਂਕ ਕਿਸਾਨ ਹੀ ਹਨ। ਉਨ੍ਹਾਂ ਨੂੰ ਨਰਾਜ ਕਰਕੇ ਤੁਸੀਂ ਫਟੇ ਪਤੰਗ ਵਾਂਗੂ ਲੋਟਣੀਆਂ ਖਾ ਕੇ ਗਿਰ ਜਾਓਗੇ? ਰਾਜਸੀ ਮਾਹੌਲ ਵੀ ਇਹੋ ਜਿਹੇ ਬਣ ਰਹੇ ਹਨ "ਉੱਤਰ ਕਾਟੋ ਮੈਂ ਚੜ੍ਹਾਂ", ਵਾਲੀ ਗੱਲ ਨਾ ਹੋ ਜਾਵੇ।



**ਅਮਰਜੀਤ ਸਿੰਘ ਤੂਰ ਪਿੰਡ ਕੁਲਬੁਰਛਾਂਜ਼ਿਲਾ ਪਟਿਆਲਾ ਹਾਲ-ਆਬਾਦ # 639/40ਏ ਚੰਡੀਗੜ੍ਹ। ਫੋਨ ਨੰਬਰ : 9878469639**

# ਅੰਗਰੇਜ਼ੀ ਅਤੇ ਪੰਜਾਬੀ ਭਾਸ਼ਾਵਾਂ ਦੇ ਜਾਣਕਾਰ ਵਿਦਵਾਨ ਦੋਸਤਾਂ ਦੀ ਸਹਾਇਤਾ ਦੀ ਲੋੜ

ਤੁਹਾਨੂੰ ਪਤਾ ਹੀ ਹੈ ਕਿ ਕਰੀਬ ਸਵਾ ਚਾਰ ਸਾਲ ਪਹਿਲਾਂ, ਸਾਡੇ ਵੱਲੋਂ ਸ਼੍ਰੋਮਣੀ ਪੰਜਾਬੀ ਸਾਹਿਤਕਾਰ ਪੁਰਸਕਾਰਾਂ ਦੀ ਚੋਣ ਦੇ ਪੱਖਪਾਤੀ ਹੋਣ ਕਾਰਨ, ਉਸਨੂੰ ਅਦਾਲਤ ਵਿੱਚ ਚੁਣੌਤੀ ਦਿੱਤੀ ਗਈ ਸੀ।

ਪਿਛਲੇ ਚਾਰ ਸਾਲਾਂ ਵਿੱਚ, ਪੁਰਸਕਾਰਾਂ ਦੀ ਚੋਣ ਪ੍ਰਕਿਰਿਆ ਨਾਲ ਸੰਬੰਧਿਤ ਬਹੁਤ ਸਾਰੇ ਦਸਤਾਵੇਜ਼ ਅਤੇ ਤੱਥ ਅਦਾਲਤ ਸਾਹਮਣੇ ਆ ਚੁੱਕੇ ਹਨ।

ਅਸੀਂ ਚਾਹੁੰਦੇ ਹਾਂ ਕਿ ਦੋਵੇਂ ਧਿਰਾਂ ਅਤੇ ਗਵਾਹਾਂ ਵਲੋਂ, ਚੋਣ ਪ੍ਰਕਿਰਿਆ ਨਾਲ ਸੰਬੰਧਿਤ, ਜਿਹੜੇ ਵੀ ਦਸਤਾਵੇਜ਼ ਅਤੇ ਤੱਥ ਅਦਾਲਤ ਵਿੱਚ ਪੇਸ਼ ਕੀਤੇ ਗਏ ਹਨ ਉਹ ਪੰਜਾਬੀ ਭਾਸ਼ਾ ਅਤੇ ਸਾਹਿਤ ਨਾਲ ਜੁੜੇ ਹਰ ਦੋਸਤ ਦੇ, ਸੌਖੀ ਪੰਜਾਬੀ ਵਿਚ, ਪੁਸਤਕ ਦੇ ਰੂਪ ਵਿੱਚ, ਧਿਆਨ ਵਿੱਚ ਆਉਣ। ਅਤੇ ਉਹ ਆਪ ਫੈਸਲਾ ਕਰਨ ਕਿ ਕੀ ਪੁਰਸਕਾਰਾਂ ਦੀ ਚੋਣ ਸਹੀ ਹੈ ਜਾਂ ਪੱਖਪਾਤੀ।



**ਮਿੱਤਰ ਸੈਨ ਮੀਤ**
**ਫੋਨ ਨੰਬਰ**
**9855631777**

ਪੰਜਾਬ ਦੀਆਂ ਜ਼ਿਲ੍ਹਾ ਅਦਾਲਤਾਂ ਦੀ ਭਾਸ਼ਾ ਕਿਉਂਕਿ ਅੰਗਰੇਜ਼ੀ ਹੈ ਇਸ ਲਈ ਮੁਕਦਮੇ ਨਾਲ ਸੰਬੰਧਿਤ ਬਹੁਤੇ ਦਸਤਾਵੇਜ਼ ਅੰਗਰੇਜ਼ੀ ਭਾਸ਼ਾ ਵਿੱਚ ਲਿਖੇ ਗਏ ਹਨ।

ਅਸੀਂ ਇਨਾਂ ਦਸਤਾਵੇਜ਼ਾਂ ਦਾ ਪੰਜਾਬੀ ਅਨੁਵਾਦ ਤੁਹਾਡੇ ਸਾਹਮਣੇ ਪੇਸ਼ ਕਰਨਾ ਚਾਹੁੰਦੇ ਹਾਂ ਤਾਂ ਜੋ ਤੁਸੀਂ ਮੁਕਦਮੇ ਦੀਆਂ ਪਰਤਾਂ ਅਤੇ ਪੇਚੀਦਗੀਆਂ ਨੂੰ ਆਸਾਨੀ ਨਾਲ ਸਮਝ ਸਕੋ।

ਅੀ ਦੀ ਸਹਾਇਤਾ ਨਾਲ ਅਸੀਂ ਅੰਗਰੇਜ਼ੀ ਦਸਤਾਵੇਜ਼ਾਂ ਦਾ ਪੰਜਾਬੀ ਵਿੱਚ ਅਨੁਵਾਦ ਤਾਂ ਕਰ ਲਿਆ ਹੈ ਪਰ ਅਨੁਵਾਦ ਪੂਰਾ ਸਹੀ ਨਹੀਂ ਹੈ।

ਅਸੀਂ ਚਾਹੁੰਦੇ ਹਾਂ ਕਿ ਦੋਹਾਂ ਭਾਸ਼ਾਵਾਂ ਦਾ ਜਾਣਕਾਰ ਕੋਈ ਦੋਸਤ ਅੰਗਰੇਜ਼ੀ ਦਸਤਾਵੇਜਾਂ ਦੇ ਪੰਜਾਬੀ ਅਨੁਵਾਦਾਂ ਤੇ ਨਜ਼ਰ ਮਾਰ ਲਵੇ ਅਤੇ ਗਲਤੀਆਂ ਨੂੰ ਠੀਕ ਕਰ ਦੇਵੇ।

ਅਸੀਂ ਇਹ ਸੇਵਾ ਨਿਭਾਉਣ ਵਾਲੇ ਦੋਸਤ ਨੂੰ ਥੋੜਾ ਬਹੁਤ ਮਿਹਨਤਾਨਾ ਦੇਣ ਦਾ ਯਤਨ ਵੀ ਕਰਾਂਗੇ।

ਸਹਿਯੋਗ ਦੀ ਉਡੀਕ ਵਿੱਚ।

for more news visit:
www.samajweekly.com

# "ਅੰਤਰਰਾਸ਼ਟਰੀ ਸਾਹਿਤਕ ਸਾਂਝਾਂ ਵੱਲੋਂ"

## " ਸਿਰਜਨਾ ਦੇ ਆਰ ਪਾਰ "ਪ੍ਰੋਗਰਾਮ ਵਿੱਚ ਸੰਵੇਦਨਸ਼ੀਲ ਕਵਿਤਰੀ ਤੇ ਅਨੁਵਾਦਕਾ ਅਮੀਆ ਕੁੰਵਰ ਨਾਲ ਪ੍ਰੇਰਨਾਦਾਇਕ ਗੱਲਬਾਤ"

ਬਰੈਂਪਟਨ 24 ਸਤੰਬਰ ( ਰਮਿੰਦਰ ਵਾਲੀਆ ) ਅੰਤਰਰਾਸ਼ਟਰੀ ਸਾਹਿਤਿਕ ਸਾਂਝਾਂ ਵੱਲੋਂ ਫ਼ਾਊਂਡਰ ਰਮਿੰਦਰ ਰੰਮੀ ਦੀ ਅਗਵਾਈ ਵਿੱਚ ਸਿਰਜਣਾ ਦੇ ਆਰ ਪਾਰ ਪ੍ਰੋਗਰਾਮ 22 ਸਤੰਬਰ ਸੋਮਵਾਰ ਨੂੰ ਕਰਵਾਇਆ ਗਿਆ ।ਜਿਸ ਵਿੱਚ ਪ੍ਰਸਿੱਧ ਲੇਖਿਕਾ , ਸ਼ਾਇਰਾ ਅਤੇ ਅਨਵਾਦਕਾ ਅਮੀਆ ਕੁੰਵਰ ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਿਲ ਹੋਏ । ਪ੍ਰੋਗਰਾਮ ਦੇ ਆਰੰਭ ਵਿੱਚ ਸੁਰਜੀਤ ਟਰਾਂਟੋ ਨੇ ਅਮੀਆ ਕੁੰਵਰ ਨੂੰ ਜੀ ਆਇਆ ਕਰਦੇ ਹੋਇਆਂ ਉਹਨਾਂ ਦੀ ਸ਼ਖਸੀਅਤ ਤੋਂ ਜਾਣੂ ਕਰਵਾਇਆ ਤੇ ਉਹਨਾਂ ਦੀਆਂ ਕਾਵਿ ਰਚਨਾਵਾਂ, ਅਨੁਵਾਦ ਦੀਆਂ ਪੁਸਤਕਾਂ ਬਾਰੇ ਜਾਣਕਾਰੀ ਦਿੱਤੀ ।ਅਮੀਆ ਕੁੰਵਰ ਨੂੰ ਇਕ ਵਿਦਵਾਨ ਅਧਿਆਪਕਾ ਅਤੇ ਸੰਵੇਦਨਸ਼ੀਲ ਕਵਿਤਰੀ ਵਜੋਂ ਜਾਣੂ ਕਰਵਾਇਆ। ਉਪਰੰਤ ਅੰਤਰਰਾਸ਼ਟਰੀ ਸਾਹਿਤਕ ਸਾਂਝਾ ਦੀ ਸੀਨੀ. ਮੀਤ ਪ੍ਰਧਾਨ ਪ੍ਰੋ. ਕੁਲਜੀਤ ਕੌਰ ਨੇ ਅਮੀਆ ਕੁੰਵਰ ਨਾਲ ਉਹਨਾਂ ਦੇ ਸਾਹਿਤਿਕ ਸਫਰ ਬਾਰੇ ਅਤੇ ਜੀਵਨ ਸਫਰ ਬਾਰੇ ਭਰਪੂਰ ਵਿਚਾਰ ਚਰਚਾ ਅਤੇ ਸੰਵਾਦ ਕੀਤਾ ।ਅਮੀਆ ਕੁੰਵਰ ਦੀ ਸ਼ਖਸੀਅਤ ਦੇ ਵੱਖ ਵੱਖ ਪਹਿਲੂਆਂ ਤੇ ਜਾਣੂ ਕਰਾਉਂਦੇ ਹੋਏ ਉਹਨਾਂ ਦੇ ਬਚਪਨ , ਮੁਢਲੀ ਵਿਦਿਆ ,ਉੱਚ ਵਿੱਦਿਆ ਤੇ ਅਧਿਆਪਨ ਦੇ ਖੇਤਰ ਤੱਕ ਪਹੁੰਚਣ ਦੇ ਬਾਰੇ ਉਹਨਾਂ ਤੋਂ ਜਾਣਕਾਰੀ ਪ੍ਰਾਪਤ ਕੀਤੀ। ਅਮੀਆ ਕੁੰਵਰ ਨੇ ਦੱਸਿਆ ਕਿ ਬਚਪਨ ਤੋਂ ਹੀ ਉਹਨਾਂ ਦੇ ਘਰ ਦਾ ਮਾਹੌਲ ਉਹਨਾਂ ਦੇ ਸਿੱਖਿਆ ਅਤੇ ਵਿਕਾਸ ਲਈ ਬਹੁਤ ਸੁਖਾਵਾਂ ਸੀਂ। ਉਹਨਾਂ ਨੂੰ ਹਰ ਤਰ੍ਹਾਂ ਦਾ ਸਹਿਯੋਗ ਆਪਣੇ ਮਾਪਿਆਂ ਤੇ ਪਰਿਵਾਰ ਤੋਂ ਮਿਲਿਆ। ਇਹ ਵਰਨਣ ਯੋਗ ਹੈ ਕਿ ਅਮੀਆ ਕੁੰਵਰ ਨੇ ਚਾਰ ਕਾਵਿ ਸੰਗ੍ਰਹਿ ਧੱਮੀ ਵੇਲਾ, ਕਵਿਓ ਵਾਚ, ਛਿਣਾਂ ਦੀ ਗਾਥਾ ਤੇ ਢਾਈ ਅੱਖਰ ਕਾਵਿ ਸੰਗ੍ਰਹਿ ਲਿਖੇ। 80 ਦੇ ਕਰੀਬ ਪੁਸਤਕਾਂ ਅਨੁਵਾਦ ਕੀਤੀਆਂ ਜਿਨਾਂ ਵਿੱਚ ਵੱਡੀ ਗਿਣਤੀ ਅੰਮ੍ਰਿਤਾ ਪ੍ਰੀਤਮ ਦੀਆਂ ਪੁਸਤਕਾਂ ਦੀ ਹੈ ।ਜਿਨਾਂ




ਨੂੰ ਪੰਜਾਬੀ ਤੋਂ ਹਿੰਦੀ ਜਾਂ ਫਿਰ ਹਿੰਦੀ ਤੋਂ ਪੰਜਾਬੀ ਵਿੱਚ ਅਮੀਆਂ ਕੁੰਵਰ ਨੇ ਅਨੁਵਾਦ ਕੀਤਾ ਹੈ ।ਹਿੰਦੀ ਵਿੱਚ ਉਹਨਾਂ ਦੀਆਂ ਕਾਵਿ ਪੁਸਤਕਾਂ, ਤਿੰਨ ਆਲੋਚਨਾ ਦੀਆਂ ਪੁਸਤਕਾਂ, ਇਕ ਭਾਸ਼ਾ ਵਿਗਿਆਨ ਦੀ ਅਤੇ ਅੰਮ੍ਰਿਤਾ ਪ੍ਰੀਤਮ ਦੀ ਸੰਪੂਰਨ ਸ਼ਖਸੀਅਤ ਨਾਲ ਸੰਬੰਧਿਤ ਅੰਮ੍ਰਿਤਾ ਇੱਕ ਕਾਇਨਾਤ ਪੁਸਤਕ ਵੀ ਬਹੁਤ ਸਲਾਹੀ ਗਈ ।ਉਹਨਾਂ ਨੇ ਅੰਮ੍ਰਿਤਾ ਪ੍ਰੀਤਮ ਦਾ ਲਗਭਗ ਸਾਰਾ ਸਾਹਿਤ ਪੰਜਾਬੀ ਅਤੇ ਹਿੰਦੀ ਵਿੱਚ ਅਨੁਵਾਦ ਕੀਤਾ। ਇਸ ਤੋਂ ਇਲਾਵਾ ਸਾਹਿਤ ਅਕਾਦਮੀ , ਨੈਸ਼ਨਲ ਬੁੱਕ ਟਰੱਸਟ,ਪ੍ਰਥਮ ਬੁੱਕ ਅਤੇ ਹੋਰ ਕਈ ਸੰਸਥਾਵਾਂ ਵੱਲੋਂ ਪੁਸਤਕਾਂ ਪੰਜਾਬੀ ਤੋਂ ਹਿੰਦੀ ਜਾਂ ਹਿੰਦੀ ਤੋਂ ਪੰਜਾਬੀ ਵਿੱਚ ਅਨੁਵਾਦ ਕੀਤੀਆਂ।ਸਾਹਿਤ ਕਲਾ ਸੰਗਮ, ਪੰਜਾਬੀ ਅਕਾਦਮੀ ਦਿੱਲੀ ,ਭਾਰਤੀ ਅਨੁਵਾਦ ਪਰਿਸ਼ਦ ,ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਤੋਂ ਸਨਮਾਨ ਵੀ ਪ੍ਰਾਪਤ ਕੀਤਾ । ਉਹ ਦਿੱਲੀ ਯੂਨੀਵਰਸਿਟੀ ਦੇ ਖਾਲਸਾ ਕਾਲਜ ਤੋਂ ਪੰਜਾਬੀ ਵਿਭਾਗ ਵਿੱਚੋਂ ਐਸੋਸੀਏਟ ਪ੍ਰੋਫੈਸਰ ਦੇ ਤੌਰ ਤੇ ਰਿਟਾਇਰ ਹੋਏ ਹਨ। ਇਮਰੋਜ਼ ਨਾਮਾ ਪੁਸਤਕ ਰਾਹੀਂ ਉਹਨਾਂ ਨੇ ਅੰਮ੍ਰਿਤਾ ਇਮਰੋਜ਼ ਦੇ ਜੀਵਨ ਦੀਆਂ ਝਲਕੀਆਂ ਅਤੇ ਯਾਦਾਂ ਨੂੰ ਆਪਣੇ ਦ੍ਰਿਸ਼ਟੀਕੋਣ ਤੋਂ ਪੇਸ਼ ਕੀਤਾ ਹੈ। ਇਸ ਪੁਸਤਕ ਨੂੰ ਭਾਸ਼ਾ ਵਿਭਾਗ ਪੰਜਾਬ ਵੱਲੋਂ ਐਮ ਐਸ ਰੰਧਾਵਾ ਪੁਰਸਕਾਰ ਲਈ ਹੁਣੇ ਹੁਣੇ ਚੁਣਿਆ ਗਿਆ ਹੈ। ਸਾਰੇ ਦਰਸ਼ਕਾਂ ਨੇ ਅਮੀਆਂ ਕੁੰਵਰ ਨੂੰ ਇਸ ਪ੍ਰਾਪਤੀ ਤੇ ਵਧਾਈ ਦਿੱਤੀ । ਅਮੀਆ ਕੁੰਵਰ ਨੇ ਆਪਣੀਆਂ ਬਹੁਤ ਸਾਰੀਆਂ ਨਜ਼ਮਾਂ ਸੁਣਾ ਕੇ ਦਰਸ਼ਕਾਂ ਦਾ ਮਨ ਮੋਹ ਲਿਆ। ਅਮੀਆ ਕੁੰਵਰ ਨੇ ਆਪਣੇ ਜੀਵਨ ਸਾਥੀ ਅਤੇ ਪਰਿਵਾਰ ਦਾ ਆਪਣੀ ਸ਼ਖਸੀਅਤ ਦੇ ਵਿਕਾਸ ਵਿੱਚ ਮਹੱਤਵਪੂਰਨ ਯੋਗਦਾਨ ਦੱਸਿਆ। ਉਹਨਾਂ ਨੇ ਦੱਸਿਆ ਕਿ ਅਨੁਵਾਦ ਚਾਹੇ ਉਹਨਾਂ ਦੇ ਮਨ ਭਾਉਂਦਾ ਖੇਤਰ ਹੈ ਪਰ ਉਹਨਾਂ ਨੂੰ ਜਿਆਦਾ ਸੰਤੁਸ਼ਟੀ ਕਵਿਤਾਵਾਂ ਲਿਖ ਕੇ ਮਿਲਦੀ ਹੈ। ਉਹਨਾਂ ਨੇ ਅੰਮ੍ਰਿਤਾ ਪ੍ਰੀਤਮ ਜੀ ਦਾ



ਆਪਣੀ ਜ਼ਿੰਦਗੀ ਉੱਪਰ ਪ੍ਰਭਾਵ ਤੇ ਉਹਨਾਂ ਨਾਲ ਬਿਤਾਏ ਹੋਏ ਸਮੇਂ ਦਾ ਵਿਸ਼ੇਸ਼ ਤੌਰ ਤੇ ਭਾਵਕ ਹੁੰਦਿਆਂ ਜ਼ਿਕਰ ਕੀਤਾ। ਅਮਰਜੀਤ ਤੋਂ ਅਮੀਆਂ ਬਣਨ ਦੇ ਪਿੱਛੇ ਵੀ ਅੰਮ੍ਰਿਤਾ ਪ੍ਰੀਤਮ ਜੀ ਦੀ ਪ੍ਰੇਰਨਾ ਨੂੰ ਯਾਦਗਾਰੀ ਸਬੱਬ ਦੱਸਿਆ। ਇਸ ਪ੍ਰੋਗਰਾਮ ਵਿੱਚ ਡਾਕਟਰ ਬਲਜੀਤ ਕੌਰ ਰਿਆੜ ਨੇ ਅਮੀਆ ਕੰਵਰ ਜੀ ਦੀ ਸ਼ਖਸੀਅਤ ਨੂੰ ਅਤੇ ਉਨ੍ਹਾਂ ਦੇ ਸਾਹਿਤਿਕ ਸਫਰ ਨੂੰ ਪ੍ਰੇਰਨਾਦਾਇਕ ਦੱਸਿਆ । ਵਿਸ਼ਵ ਪੰਜਾਬੀ ਸਭਾ ਕਨੇਡਾ ਦੇ ਚੇਅਰਮੈਨ ਅਤੇ ਅੰਤਰਰਾਸ਼ਟਰੀ ਸਾਹਿਤਿਕ ਸਾਂਝਾਂ ਦੇ ਚੀਫ਼ ਪੈਟਰਨ ਦਲਬੀਰ ਸਿੰਘ ਕਥੂਰੀਆ ਨੇ ਅਮੀਆ ਨਾਲ ਹੋਈ ਮੁਲਾਕਾਤ ਨੂੰ ਪ੍ਰਭਾਵਸ਼ਾਲੀ ਦੱਸਿਆ , ਉਨ੍ਹਾਂ ਕਿਹਾ ਅਮੀਆ ਕੁੰਵਰ ਪੰਜਾਬੀ ਮਾਂ ਬੋਲੀ ਦੇ ਪ੍ਰਚਾਰ ਤੇ ਪ੍ਰਸਾਰ ਨਾਲ ਜੁੜੀ ਸ਼ਖਸੀਅਤ ਹੈ। ਅੰਤਰਰਾਸ਼ਟਰੀ ਸਾਹਿਤਿਕ ਸਾਂਝਾਂ ਦੇ ਚੇਅਰਮੈਨ ਸ . ਪਿਆਰਾ ਸਿੰਘ ਕੁੱਦੋਵਾਲ ਨੇ ਸਮੁੱਚੇ ਪ੍ਰੋਗਰਾਮ ਸਬੰਧੀ ਆਪਣੇ ਪ੍ਰਭਾਵ ਪ੍ਰਗਟ ਕੀਤੇ ਤੇ ਇਸ ਪ੍ਰੋਗਰਾਮ ਰਾਹੀਂ ਅਮੀਆ ਕੁੰਵਰ ਦੀ ਸ਼ਖਸੀਅਤ ਬਾਰੇ ਮਿਲੀ ਜਾਣਕਾਰੀ ਨੂੰ ਲਾਹੇਵੰਦ ਦੱਸਿਆ । ਉਨਾਂ ਅਮੀਆ ਕੰਵਰ ਜੀ ਦੇ ਸੁਭਾਅ ਵਿੱਚਲੇ ਆਪਣੇ ਪਣ ਅਤੇ ਪਿਆਰ ਦੀ ਗੱਲ ਕਰਦਿਆਂ ਉਹਨਾਂ ਨੂੰ ਸਾਹਿਤਿਕ ਤੌਰ ਤੇ ਵੀ ਇੱਕ ਵਿਸ਼ੇਸ਼ ਪ੍ਰਤਿਭਾਸ਼ਾਲੀ ਸ਼ਖਸੀਅਤ ਵਜੋਂ ਦੱਸਿਆ। ਉਹਨਾਂ ਅਨੁਸਾਰ ਅਮੀਆ ਕੁੰਵਰ ਜਿੱਥੇ ਇੱਕ ਅਨੁਵਾਦਕਾ ਦੇ ਤੌਰ ਤੇ ਪ੍ਰਸਿੱਧ ਹਨ ਉੱਥੇ ਉਹਨਾਂ ਨੇ ਕਾਵਿ ਖੇਤਰ ਵਿੱਚ ਵੀ ਬਹੁਤ ਸੰਜੀਦਾ ਵਿਸ਼ੇ ਚੁਣੇ ਹਨ । ਉਹਨਾਂ ਨੇ ਸਮੁੱਚੇ ਦਰਸ਼ਕਾਂ ਦਾ ਤੇ ਰਮਿੰਦਰ ਰੰਮੀ ਦਾ ਧੰਨਵਾਦ ਕੀਤਾ ਜਿਹੜੇ ਅਜਿਹੇ ਪ੍ਰੋਗਰਾਮ ਰਚਾਉਂਦੇ ਰਹਿੰਦੇ ਹਨ ਜਿਨਾਂ ਵਿੱਚ ਦੇਸ਼ ਵਿਦੇਸ਼ ਤੋਂ ਸ਼ਖਸੀਅਤਾਂ ਨਾਲ ਦਰਸ਼ਕਾਂ ਨੂੰ ਰੂਬਰੂ ਕਰਾਇਆ ਜਾਂਦਾ ਹੈ। ਇਸ ਪ੍ਰੋਗਰਾਮ ਵਿੱਚ ਰਮਿੰਦਰ ਰੰਮੀ ਦੁਆਰਾ ਸੰਪਾਦਿਤ ਅੰਤਰਰਾਸ਼ਟਰੀ ਸਾਹਿਤਿਕ ਸਾਂਝਾਂ ਈ ਮੈਗਜ਼ੀਨ (ਅਗਸਤ ਸਤੰਬਰ )ਨੂੰ ਵੀ ਰਿਲੀਜ਼ ਕੀਤਾ ਗਿਆ। ਇਹ ਵਰਨਣਯੋਗ ਹੈ ਕਿ ਇਸ ਪ੍ਰੋਗਰਾਮ ਵਿੱਚ ਦੇਸ਼ ਵਿਦੇਸ਼ ਤੋਂ ਬਹੁਤ ਸਾਰੇ ਦਰਸ਼ਕਾਂ ਅਤੇ ਲੇਖਕਾਂ ਨੇ ਭਾਗ ਲਿਆ।

ਸਿਰਜਨਾ ਦੇ ਆਰ ਪਾਰ ਵਿੱਚ ਪ੍ਰੋ. ਕੁਲਜੀਤ ਜੀ ਦੁਆਰਾ ਰੂਬਰੂ ਪ੍ਰੋਗਰਾਮ ਦਰਸ਼ਕਾਂ ਦੀ ਪਹਿਲੀ ਪਸੰਦ ਬਣਿਆ ਹੋਇਆ ਹੈ ਤੇ ਕੁਝ ਸਾਹਿਤ ਪ੍ਰੇਮੀ ਹਰ ਮਹੀਨੇ ਇਸ ਪ੍ਰੋਗਰਾਮ ਨੂੰ ਨਿੱਠ ਕੇ ਸੁਣਦੇ ਅਤੇ ਅਨੰਦ ਮਾਣਦੇ ਹਨ । ਕੁਲਜੀਤ ਜੀ ਦੇ ਬੋਲਣ ਦਾ ਨਿਵੇਕਲਾ ਅੰਦਾਜ਼ ਦਰਸ਼ਕ ਬਹੁਤ ਪਸੰਦ ਕਰਦੇ ਹਨ । ਪ੍ਰੋ. ਕੁਲਜੀਤ ਕੌਰ ਜੀ ਸਿਰ-ਜਨਾ ਦੇ ਆਰ ਪਾਰ ਵਿੱਚ ਬਹੁਤ ਹੀ ਸਹਿਜਤਾ ਵਿੱਚ ਪ੍ਰੋਗਰਾਮ ਕਰਦੇ ਹਨ , ਉਹਨਾਂ ਦੇ ਬਹੁਤ ਸਾਰੇ ਪ੍ਰਸ਼ੰਸਕਾਂ ਨੂੰ ਵੀ ਸਿਰਜਨਾ ਦੇ ਆਰ ਪਾਰ ਪ੍ਰੋਗਰਾਮ ਦਾ ਇੰਤਜ਼ਾਰ ਰਹਿੰਦਾ ਹੈ । ਦਰਸ਼ਕਾਂ ਨੂੰ ਸ. ਪਿਆਰਾ ਸਿੰਘ ਕੁੱਦੋਵਾਲ ਜੀ ਨੂੰ ਸੁਨਣਾ ਤੇ ਪ੍ਰੋਗਰਾਮ ਨੂੰ ਸਮਅੱਪ ਕਰਨ ਦਾ ਉਹਨਾਂ ਦੇ ਵਿਲੱਖਣ ਅੰਦਾਜ਼ ਨੂੰ ਬਹੁਤ ਪਸੰਦ ਕਰਦੇ ਹਨ ।

ਰਮਿੰਦਰ ਰੰਮੀ ਨੇ ਇਕ ਵਾਰ ਫਿਰ ਸੱਭ ਦਾ ਧੰਨਵਾਦ ਕਰਦਿਆਂ ਕਿਹਾ ਕਿ " ਤੁਸੀਂ ਘਰ ਅਸਾਡੇ ਆਏ ਅਸੀਂ ਫੁੱਲੇ ਨਹੀਂ ਸਮਾਏ "

ਧੰਨਵਾਦ ਸਹਿਤ । ਇਹ ਰਿਪੋਰਟ ਪ੍ਰੋ. ਕੁਲਜੀਤ ਕੌਰ ਨੇ ਰਮਿੰਦਰ ਵਾਲੀਆ ਨੂੰ ਸਾਂਝੀ ਕੀਤੀ ।

**ਰਮਿੰਦਰ ਰੰਮੀ ਫ਼ਾਊਂਡਰ ਤੇ ਪ੍ਰਬੰਧਕ ,ਅੰਤਰਾਸ਼ਟਰੀ ਸਾਹਿਤਕ ਸਾਂਝਾਂ ।**

Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition


# ਸਾਡੇ DIGITAL MEDIA ਨਾਲ ਜੁੜੋ

ਸਾਨੂੰ ਫੇਸਬੁੱਕ ਤੇ ਲਾਇਕ ਕਰੋ

facebook
samajweekly

ਸਾਨੂੰ ਐਕਸ ਤੇ ਫੌਲੋ ਕਰੋ

X @samajweekly

## ਸਾਡੇ ਵਟਸਐੱਪ ਨਾਲ ਜੁੜੋ ਅਤੇ ਪਾਓ ਸਾਹਿਤ ਜਗਤ ਅਤੇ ਦੇਸ਼ ਦੁਨੀਆ ਨਾਲ ਜੁੜੀਆਂ ਬੇਹਤਰੀਨ ਖਬਰਾਂ




ਨਾਲ ਹੀ ਪਾਓ ਸਮਾਜ ਵੀਕਲੀ ਅਖਬਾਰ ਦਾ ਰੋਜਾਨਾ PDF ਉਹ ਵੀ ਬਿਲਕੁਲ ਮੁੱਫਤ

ਅਖਬਾਰ ਵਿੱਚ ਇਸ਼ਤਿਹਾਰ ਦੇਣ ਲਈ ਅਤੇ ਵੈਬਸਾਈਟ ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

**+44 7878 456484**

**email:-Samajweekly@gmail.com**